ਚਿੱਤ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਵੱਖ-ਵੱਖ ਪੁਰਾਤਨ ਵਿਦਵਾਨਾਂ ਨੇ ਚਿੱਤ ਜਾਂ ਅੰਤਹਕਰਣ (अन्तःकरण) ਦਾ ਵਰਣਨ ਵੱਖ-ਵੱਖ ਢੰਗਾਂ ਨਾਲ ਕੀਤਾ ਹੈ। ਐਸਾ ਨਹੀਂ ਕਿ ਉਨ੍ਹਾਂ ਦੇ ਵਰਣਨ ਵਿੱਚ ਕੋਈ ਗ਼ਲਤੀ ਹੈ। ਗੱਲ ਸਿਰਫ਼ ਇੰਨੀ-ਕੁ ਹੈ ਕਿ ਇੱਕ ਹੀ ਵਸਤੂ ਨੂੰ ਉਨ੍ਹਾਂ ਨੇ ਆਪੋ-ਆਪਣੇ ਢੰਗ ਨਾਲ ਦੱਸਿਆ ਹੈ। ਅਜਿਹਾ ਹੋਣ ਦਾ ਕਾਰਣ ਇਹ ਵੀ ਹੈ ਕਿ ਉਹ ਵੱਖ-ਵੱਖ ਬੌਧਿਕ ਪੱਧਰ ਵਾਲੇ ਵਿਦਿਆਰਥੀਆਂ ਨੂੰ ਸਮਝਾ ਰਹੇ ਸਨ।

ਚਿੱਤ ਦਾ ਜ਼ਿਕਰ ਕਈ ਵਿਦਵਾਨਾਂ ਨੇ ਇੱਕ ਇੱਕਹਿਰੀ ਵਸਤੂ ਦੇ ਤੌਰ 'ਤੇ ਕੀਤਾ ਹੈ। ਕਈ ਵਿਦਵਾਨਾਂ ਨੇ ਇਸ ਦਾ ਜ਼ਿਕਰ ਬੁੱਧੀ (ਅਸਮਿਤਾ), ਅਹੰਕਾਰ ਤੇ ਮਨ ਵੱਜੋਂ ਕੀਤਾ ਹੈ। ਕਿਸੇ ਵਿਦਵਾਨ ਨੇ ਇਸ ਦਾ ਜ਼ਿਕਰ ਅਸਮਿਤਾ, ਬੁੱਧੀ, ਅਹੰਕਾਰ, ਤੇ ਮਨ; ਜਾਂ ਸੁਰਤਿ, ਮਤਿ, ਬੁੱਧੀ ਤੇ ਮਨ ਵਜੋਂ ਕੀਤਾ ਹੈ ।

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ (੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜੇ ਅਸਮਿਤਾ, ਬੁੱਧੀ, ਅਹੰਕਾਰ ਤੇ ਮਨ ਦਾ ਵੱਖ-ਵੱਖ ਵਰਣਨ ਨਾ ਕਰਨਾ ਹੋਏ, ਤਾਂ ਅਸੀਂ ਇਨ੍ਹਾਂ ਸਭ ਨੂੰ ਹੀ 'ਚਿੱਤ' ਜਾਂ 'ਅੰਤਹਕਰਣ' ਆਖ ਦਿੰਦੇ ਹਾਂ।

ਅਸਮਿਤਾ ਹੈ ਤਾਂ ਜੜ੍ਹ ਜਾਂ ਅਚੇਤਨ (Non-conscious), ਪਰ 'ਵੀਚਾਰ-ਰਹਿਤ ਚੇਤਨਾ' (Thoughtless consciousness) ਦਾ ਪ੍ਰਭਾਵ ਦਿੰਦੀ ਹੈ। ਇਹ 'ਵੀਚਾਰ-ਰਹਿਤ ਚੇਤਨਾ' ਆਤਮਾ ਦੀ ਚੇਤਨਤਾ ਤੋਂ ਪ੍ਰਭਾਵਿਤ ਹੈ, ਅਸਲ ਵਿੱਚ ਤਾਂ ਇਹ ਜੜ੍ਹ ਹੀ ਹੈ। ਸਮੁੱਚਾ ਅੰਤਹਕਰਣ ਜੜ੍ਹ ਵਸਤੂ ਹੈ, ਆਤਮਾ ਨਹੀਂ। ਇਸ ਜੜ੍ਹ ਵਸਤੂ ਦਾ ਆਪਣੇ ਆਪ ਨੂੰ ਚੇਤਨ (Self-conscious) ਸਮਝਣਾ ਅਸਮਿਤਾ ਹੈ। ਜਦੋਂ ਜੜ੍ਹ ਅਸਮਿਤਾ 'ਵੀਚਾਰ-ਰਹਿਤ ਚੇਤਨਾ' ਦਾ ਪ੍ਰਭਾਵ ਦੇਣ ਲੱਗਦੀ ਹੈ, ਤਾਂ ਇਸ ਵਿੱਚੋਂ 'ਅਹੰਕਾਰ' ਪੈਦਾ ਹੋ ਜਾਂਦਾ ਹੈ। ਅਹੰਕਾਰ (sense of self) ਉਹ ਭਾਵਨਾ ਹੈ, ਜਿਸ ਨਾਲ ਅਨਾਤਮ ਵਸਤੂ ਇਸ ਭਰਮ ਵਿੱਚ ਪੈਂਦੀ ਹੈ ਕਿ 'ਮੈਂ ਹਾਂ'। 'ਮੈਂ ਹਾਂ' ਦਾ ਭਾਵ ਹੈ ਕਿ 'ਮੈਂ ਹੋਰਨਾਂ ਤੋਂ ਅੱਡ ਹਾਂ'। ਇਹ ਦਵੈਤ ਦਾ ਪਸਾਰ ਹੈ। ਅਹੰਕਾਰ ਵਿੱਚੋਂ ਹੀ ਬੁੱਧੀ (Intellect) ਪੈਦਾ ਹੋ ਜਾਂਦੀ ਹੈ। ਮਨ (Mind) ਸੰਕਲਪ (ਇੱਛਾ) ਪੈਦਾ ਕਰਦਾ ਹੈ। ਪੰਜ (ਸਥੂਲ ਤੇ ਪੰਜ ਸੂਖਮ) ਗਿਆਨ-ਇੰਦਰੀਆਂ ਰਾਹੀਂ ਪ੍ਰਾਪਤ ਵਿਸ਼ੇ ਦਾ ਗ੍ਰਹਿਣ ਮਨ ਰਾਹੀਂ ਹੀ ਕੀਤਾ ਜਾਂਦਾ ਹੈ। ਮਨ ਰਾਹੀਂ ਗ੍ਰਹਿਣ ਕੀਤੇ ਵਿਸ਼ੇ ਦਾ ਨਿਸ਼ਚੇਆਤਮਕ ਅਧਿਐਨ ਬੁੱਧੀ (Intellect) ਕਰਦੀ ਹੈ। ਗਿਆਨ-ਇੰਦਰੀਆਂ ਆਦਿ ਦੁਆਰਾ ਮਨ ਤੇ ਬੁੱਧੀ ਨੂੰ ਪ੍ਰਾਪਤ ਵਿਸ਼ਾ ਸੰਸਕਾਰ ਦੇ ਰੂਪ ਵਿੱਚ ਅਸਮਿਤਾ (ਮਹੱਤ) ਤਕ ਪੁੱਜਦਾ ਹੈ।

ਅਸਮਿਤਾ, ਬੁੱਧੀ, ਅਹੰਕਾਰ ਤੇ ਮਨ ਦਾ ਇਹ ਸੰਗਠਨ ਅੰਤਹਕਰਣ ਆਖਿਆ ਜਾਂਦਾ ਹੈ। 'ਕਰਣ' ਸਾਧਨ ਨੂੰ ਕਹਿੰਦੇ ਹਨ। ਜੋ ਸਾਧਨ ਅੰਤਹ (अन्तः) ਵਿੱਚ (ਅੰਦਰ) ਸਥਿਤ ਹੈ, ਉਹ ਅੰਤਹਕਰਣ ਹੈ। ਜਿਵੇਂ ਪੰਜ ਸਥੂਲ ਤੇ ਪੰਜ ਸੂਖਮ ਗਿਆਨ-ਇੰਦਰੀਆਂ ਜਾਣਨ ਦਾ ਸਾਧਨ ਹਨ, ਇਸ ਤਰ੍ਹਾਂ ਹੀ ਅੰਤਹਕਰਣ ਵੀ ਇੱਕ ਸਾਧਨ ਹੈ, ਕਰਣ ਹੈ। ਕੋਈ ਸਮਾਂ ਸੀ ਜਦੋਂ ਇਹ ਅੰਤਹਕਰਣ ਨਹੀਂ ਸੀ। ਹੁਣ ਇਹ ਅੰਤਹਕਰਣ ਮੌਜੂਦ ਹੈ। ਕਦੇ ਇਹ ਨਹੀਂ ਰਹੇਗਾ। ਇਸ ਤਰ੍ਹਾਂ, ਅੰਤਹਕਰਣ ਕਾਲ-ਪਰਿਛਿੰਨ ਹੈ। ਅੰਤਹਕਰਣ ਦੁਆਰਾ ਪ੍ਰਾਪਤ ਪ੍ਰਮਾ ਅੰਤਹਕਰਣ ਦੇ ਨਸ਼ਟ ਹੋਣ ਨਾਲ ਬਿਲਕੁਲ ਹੀ ਨਸ਼ਟ ਹੋ ਜਾਏਗੀ।

ਚਿਤ ਸੂਖਮ ਹੈ। ਇਸ ਦਾ ਕੋਈ ਇੱਕ ਨਿਸ਼ਚਿਤ ਰੂਪ ਨਹੀਂ। ਜਿਸ ਤਰ੍ਹਾਂ ਦੀ ਪ੍ਰਮਾ ਜੀਵ ਨੂੰ ਪ੍ਰਾਪਤ ਹੁੰਦੀ ਹੈ, ਉਸ ਪ੍ਰਮਾ ਦਾ ਹੀ ਰੂਪ ਉਸ ਜੀਵ ਦਾ ਚਿਤ ਧਾਰਣ ਕਰ ਲੈਂਦਾ ਹੈ। ਚਿਤ ਦਾ ਇਹ ਰੂਪ ਹੀ ਚਿਤ ਦੀ ਵ੍ਰਿਤੀ (ਬਿਰਤੀ) (Form) ਹੈ। ਜਦੋਂ ਹੀ ਪ੍ਰਮਾ ਵਿੱਚ ਬਦਲਾਵ ਹੁੰਦਾ ਹੈ, ਜੀਵ ਦੇ ਚਿਤ ਦੀ ਵ੍ਰਿਤੀ (ਜਾਂ ਰੂਪ) ਵਿੱਚ ਬਦਲਾਵ ਆ ਜਾਂਦਾ ਹੈ। ਜੇ ਚਿਤ ਵਿੱਚ ਪਾਪ-ਪੂਰਣ ਕਰਮਾਂ ਦੇ ਸੰਕਲਪ ਪ੍ਰਮਾ ਦੇ ਰੂਪ ਵਿੱਚ ਪਹੁੰਚਦੇ ਹਨ, ਤਾਂ ਚਿਤ ਵੀ ਪਾਪਮਈ ਹੋ ਜਾਂਦਾ ਹੈ। ਜੇ ਚਿਤ ਵਿੱਚ ਪ੍ਰਭੂ ਦਾ ਨਾਮ ਹੈ, ਤਾਂ ਚਿਤ ਦਾ ਰੂਪ ਵੀ ਪ੍ਰਭੂ ਵਰਗਾ ਹੋ ਜਾਂਦਾ ਹੈ।

ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥
(੩੯੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜਨਮ ਸਮੇਂ ਪ੍ਰਾਪਤ ਚਿੱਤ ਨਵੇਂ ਤਿਆਰ ਕੀਤੇ ਗਏ ਪਰਸਨਲ ਕੰਪਿਊਟਰ ਵਾਂਗ ਹੈ, ਜਿਸ ਵਿੱਚ ਕਈ ਪ੍ਰੋਗਰਾਮ ਪਹਿਲਾਂ ਤੋਂ ਹੀ ਪਾਏ ਗਏ (Pre-installed programs) ਹੁੰਦੇ ਹਨ। ਪਿੱਛਲੇ ਜਨਮਾਂ ਤੋਂ ਪ੍ਰਾਪਤ ਸੰਸਕਾਰ ਕਿਸੇ ਕੰਪਿਊਟਰ ਵਿੱਚ ਪਹਿਲਾਂ ਤੋਂ ਪਾਏ ਗਏ ਪ੍ਰੋਗਰਾਮ ਵਾਂਗ ਹੁੰਦੇ ਹਨ। ਜਿਵੇਂ ਨਵੇਂ ਕੰਪਿਊਟਰ ਵਿੱਚ ਮਗਰੋਂ ਕਈ ਪ੍ਰਕਾਰ ਦਾ ਡਾਟਾ (Data) ਪਾ ਦਿੱਤਾ ਜਾਂਦਾ ਹੈ, ਉਵੇਂ ਹੀ ਚਿੱਤ ਵਿੱਚ ਮਾਂ-ਪਿਉ, ਪਰਿਵਾਰ, ਸਮਾਜ, ਸੰਗਤ, ਵਿਦਿਆ, ਸੰਪਰਦਾਇ, ਆਪਣੇ ਇਸ ਜਨਮ ਦੇ ਕਰਮਾਂ ਤੋਂ ਪ੍ਰਾਪਤ ਸੰਸਕਾਰ ਪਾ ਦਿੱਤੇ ਜਾਂਦੇ ਹਨ। ਚਿੱਤ ਵਿੱਚ ਪਾਏ ਗਏ ਅਜਿਹੇ ਸਾਰੇ ਸੰਸਕਾਰ ਤੇ ਦੁਨੀਆਵੀ ਗਿਆਨ ਆਦਿ ਚਿੱਤ ਦੇ ਪੈਦਾ ਹੋਣ ਤੋਂ ਬਾਅਦ ਮਸਨੂਈ ਢੰਗ ਨਾਲ (Artificially) ਪਾਏ ਗਏ ਹਨ। ਇਸ ਦਾ ਭਾਵ ਇਹ

ਹੈ ਕਿ ਚਿੱਤ ਵੱਖਰਾ ਹੈ ਤੇ ਚਿੱਤ ਵਿੱਚ ਪਾਏ ਗਏ ਜਨਮਾਂ-ਜਨਮਾਂ ਦੇ ਸੰਸਕਾਰ ਤੇ ਹੋਰ ਦੁਨੀਆਵੀ (ਤ੍ਰਿਗੁਣਾਤਮਕ) ਗਿਆਨ ਚਿੱਤ ਤੋਂ ਵੱਖਰੇ ਹਨ । ਇਨ੍ਹਾਂ ਸੰਸਕਾਰਾਂ ਤੇ ਤ੍ਰਿਗੁਣਾਤਮਿਕ ਗਿਆਨ ਦਾ ਆਧਾਰ ਇਹ ਚਿੱਤ ਹੈ । ਚਿੱਤ ਤੋਂ ਬਿਨ੍ਹਾਂ ਇਹ ਸੰਸਕਾਰ ਠਹਿਰ ਨਹੀਂ ਸਕਦੇ, ਹੋਂਦ ਨਹੀਂ ਰੱਖ ਸਕਦੇ ।

ਕਿਸੇ ਵੀ ਜੀਵ ਦਾ ਸੁਭਾਅ ਉਸ ਦੇ ਚਿੱਤ ਉੱਤੇ ਨਿਰਭਰ ਕਰਦਾ ਹੈ । ਜਿਸ ਤਰ੍ਹਾਂ ਦਾ ਕਿਸੇ ਜੀਵ ਦਾ ਚਿੱਤ ਹੋਏਗਾ, ਉਸੇ ਤਰ੍ਹਾਂ ਦਾ ਉਸ ਦਾ ਸੁਭਾਅ ਹੋਏਗਾ ।

ਸੁਭਾਅ ਵਿੱਚ ਬਹੁਤ ਕੁੱਝ ਸ਼ਾਮਿਲ ਹੈ । ਜੀਵ ਦੀ ਪਸੰਦ ਕੀ ਹੈ? ਉਸ ਦੀ ਨਾ-ਪਸੰਦ ਕੀ ਹੈ? ਉਹ ਕੀ ਖਾਣਾ ਪਸੰਦ ਕਰਦਾ ਹੈ? ਉਹ ਕੀ ਪਹਿਨਣਾ ਪਸੰਦ ਕਰਦਾ ਹੈ? ਉਹ ਕਿੱਥੇ ਜਾਣਾ ਪਸੰਦ ਕਰਦਾ ਹੈ? ਉਹ ਕਿਹੋ-ਜਿਹੇ ਲੋਕਾਂ ਦੀ ਸੰਗਤ ਕਰਨਾ ਪਸੰਦ ਕਰਦਾ ਹੈ? ਕਿਸੇ ਮੁੱਦੇ ਬਾਰੇ ਉਸਦੇ ਵੀਚਾਰ ਕੀ ਹਨ? ਉਸਦੀ ਬੋਲ-ਚਾਲ ਕਿਸ ਤਰ੍ਹਾਂ ਦੀ ਹੈ? ਲੋਕਾਂ ਨਾਲ ਉਸ ਦਾ ਵਿਵਹਾਰ ਕਿਸ ਤਰ੍ਹਾਂ ਦਾ ਹੈ? ਉਹ ਕੰਜੂਸ ਹੈ ਕਿ ਖੁੱਲ੍ਹਾ ਖ਼ਰਚ ਕਰਨ ਵਾਲਾ ਹੈ? ਉਹ ਕਿਸੇ ਦੀ ਮਦਦ ਕਰਨ ਵਾਲਾ ਹੈ ਕਿ ਬੇਕਸੂਰ ਲੋਕਾਂ ਤੋਂ ਧਨ ਠੱਗ ਲੈਣ ਵਾਲਾ ਹੈ? ਸਬਰ, ਸੰਤੋਖ ਵਾਲਾ ਹੈ ਕਿ ਲਾਲਚੀ ਹੈ? ਉਹ ਕਿਸੇ ਦਾ ਅਹਿਸਾਨਮੰਦ ਹੈ ਜਾਂ ਅਕ੍ਰਿਤਘਣ ਹੈ? ਆਪਣੇ ਮਾਂ-ਬਾਪ, ਭੈਣ-ਭਰਾ, ਦੋਸਤਾਂ, ਗਵਾਂਢੀਆਂ, ਵਿਦੇਸ਼ੀਆਂ ਜਾਂ ਅਜਨਬੀਆਂ ਨਾਲ ਉਹ ਕਿਸ ਤਰ੍ਹਾਂ ਦਾ ਸਲੂਕ ਕਰਦਾ ਹੈ? ਉਹ ਨਿਮਰ ਹੈ ਕਿ ਹੰਕਾਰੀ? ਉਹ ਗੁਣਵਾਨ ਹੈ ਕਿ ਗੁਣਹੀਣ? ਉਹ ਕਿਸੇ ਹਿੰਸਕ ਪਸ਼ੂ ਵਾਂਗ ਵਰਤਾਉ ਕਰਦਾ ਹੈ ਕਿ ਉਹ ਸ਼ਾਂਤ ਸੁਭਾਅ ਵਾਲਾ ਹੈ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਜਵਾਬ ਹੀ ਉਸ ਜੀਵ ਦੇ ਸੁਭਾਅ ਦਾ ਵਰਣਨ ਕਰਦੇ ਹਨ । ਇਹ ਸੁਭਾਅ ਹੀ ਉਸ ਜੀਵ ਦੇ ਚਿੱਤ ਦੀ ਬਣਤਰ ਹੈ । ਦਰਸ਼ਨਕਾਰਾਂ ਨੇ ਚਿੱਤ ਦੀਆਂ ਵ੍ਰਿਤੀਆਂ (Forms) ਦਾ ਬਹੁਤ ਜ਼ਿਕਰ ਕੀਤਾ ਹੈ । ਚਿੱਤ ਦੀਆਂ ਵ੍ਰਿਤੀਆਂ ਬਹੁਤ ਹਨ, ਪ੍ਰੰਤੂ ਵਿਦਵਾਨਾਂ ਨੇ ਇਨ੍ਹਾਂ ਸਭਨਾਂ ਨੂੰ ਕੁੱਝ ਸਮੂਹਾਂ ਵਿੱਚ ਵੰਡ ਕੇ ਵਰਣਨ ਕੀਤਾ ਹੈ ।

ਚਿਤ ਦੀਆਂ ਵ੍ਰਿਤੀਆਂ

ਪ੍ਰਮਾਣ ਚਿਤ ਦੀ ਇੱਕ ਵ੍ਰਿਤੀ ਹੈ । ਪਰ, ਇਸ ਦਾ ਇਹ ਭਾਵ ਨਹੀਂ ਕਿ ਕੇਵਲ ਪ੍ਰਮਾਣ ਹੀ ਚਿਤ ਦੀ ਵ੍ਰਿਤੀ ਹੁੰਦੀ ਹੈ । ਮਿਥਿਆ-ਗਿਆਨ, ਸਮ੍ਰਿਤੀ ਤੇ ਨੀਂਦ ਵੀ ਚਿਤ ਦੀਆਂ ਹੀ ਵ੍ਰਿਤੀਆਂ ਹਨ । ਯੋਗ ਸੂਤਰ ਵਿੱਚ ਆਚਾਰੀਆ ਪਤੰਜਲੀ ਜੀ ਨੇ ਚਿੱਤ ਦੀਆਂ ਪੰਜ ਵ੍ਰਿਤੀਆਂ ਦਾ ਜ਼ਿਕਰ ਕੀਤਾ ਹੈ । ਇਹ ਪੰਜ ਵ੍ਰਿਤੀਆਂ ਇਸ ਪ੍ਰਕਾਰ ਹਨ: - ਪ੍ਰਮਾਣ, ਵਿਪਰਯਯ, ਵਿਕਲਪ, ਨੀਂਦ, ਤੇ ਸਮ੍ਰਿਤੀ ।

> प्रमाणविपर्ययविकल्पनिद्रास्मृतयः ॥ (६, समाधिपाद, योगसूत्र)।
>
> ਪ੍ਰਮਾਣਵਿਪਰਯਯਵਿਕਲਪਨਿਦ੍ਰਾਸਮ੍ਰਤਯਃ ॥ (੬, ਸਮਾਧੀਪਾਦ, ਯੋਗਸੂਤ੍ਰ) ।

ਸਿਧਾਂਤਕ ਰੂਪ ਵਿੱਚ ਚਿਤ ਦੀਆਂ ਅਨੇਕ ਵ੍ਰਿਤੀਆਂ ਹਨ, ਪ੍ਰੰਤੂ ਇਹ ਸਾਰੀਆਂ ਵ੍ਰਿਤੀਆਂ ਇਨ੍ਹਾਂ ਚਾਰ ਸਮੂਹਾਂ (ਪ੍ਰਮਾਣ, ਮਿਥਿਆ-ਗਿਆਨ, ਸਮ੍ਰਿਤੀ ਤੇ ਨੀਂਦ) ਵਿੱਚ ਆ ਜਾਂਦੀਆਂ ਹਨ । ਪ੍ਰਮਾ ਤੇ ਉਸ ਦੇ ਸਾਧਨ ਪ੍ਰਮਾਣ ਦਾ ਵਰਣਨ ਪਿੱਛਲੇ ਅਧਿਆਇ ਵਿੱਚ ਕਰ ਦਿੱਤਾ ਗਿਆ ਹੈ ।

ਮਿਥਿਆ ਗਿਆਨ

ਪ੍ਰਮਾ ਵਸਤੂ ਦਾ ਯਥਾਰਥ ਗਿਆਨ ਹੈ । ਪ੍ਰਮਾ ਦਾ ਉਲਟ ਮਿਥਿਆ-ਗਿਆਨ ਹੈ । ਇਸ ਨੂੰ ਪਤੰਜਲੀ ਜੀ ਨੇ ਵਿਪਰਯਯ (विपर्यय) ਆਖਿਆ ਹੈ । ਮਿਥਿਆ-ਗਿਆਨ ਉਹ ਹੈ, ਜਿਸ ਨੂੰ ਗਿਆਨ ਸਮਝਿਆ ਗਿਆ, ਪ੍ਰੰਤੂ ਅਸਲ ਵਿੱਚ ਉਹ ਗਿਆਨ ਨਹੀਂ ਹੈ ।

> विपर्ययो मिथ्याज्ञानम अतद्रूपप्रतिष्ठम ॥८॥ (समाधिपाद, योगसूत्र)।
>
> ਵਿਪਰਯਯੋ ਮਿਥਯਾਗਯਾਨਮ ਅਤਦ੍ਰੂਪਪ੍ਰਤਿਸ਼ਠਮ ॥੮॥ (ਸਮਾਧੀਪਾਦ, ਯੋਗਸੂਤ੍ਰ)।

ਮਿਥਿਆ-ਗਿਆਨ ਵਿਭਚਾਰੀ ਹੈ । ਕੋਈ ਵਿਅਕਤੀ ਘੱਟ ਰੌਸ਼ਨੀ ਵਿੱਚ ਆਪਣੀ ਗਿਆਨ ਇੰਦਰੀ ਅੱਖ ਨਾਲ ਕਿਸੇ ਵਸਤੂ ਨੂੰ ਦੇਖਦਾ ਹੈ । ਉਸ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਵਸਤੂ ਕੋਈ ਸੱਪ ਹੈ । ਅਸਲ ਵਿੱਚ ਉਹ ਵਸਤੂ ਸੱਪ ਨਹੀਂ ਹੈ, ਬਲਕਿ ਇੱਕ ਰੱਸੀ ਹੈ, ਪਰ ਕਿਸੇ ਕਾਰਣ ਉਹ ਸੱਪ ਜਾਪਦੀ ਹੈ । ਰੱਸੀ ਨੂੰ ਸੱਪ ਸਮਝਣਾ ਹੀ ਮਿਥਿਆ-ਗਿਆਨ ਹੈ, ਭਰਮ (illusion) ਹੈ ।

ਸੱਪ ਉੱਥੇ ਹੈ ਨਹੀਂ । ਸਿਰਫ਼ ਰੱਸੀ ਮੌਜੂਦ ਹੈ । ਪਰ ਐਸਾ ਵੀ ਨਹੀਂ ਕਿ ਸੱਪ ਦੀ ਹੋਂਦ ਕਿਤੇ ਵੀ ਮੌਜੂਦ ਨਹੀਂ । ਸੱਪ ਰੱਸੀ ਦੇਖਣ ਵਾਲੇ ਵਿਅਕਤੀ ਦੀ ਸਮ੍ਰਿਤੀ (ਯਾਦਦਾਸ਼ਤ, ਚੇਤਾ) (memory) ਵਿੱਚ ਮੌਜੂਦ ਹੈ । ਜੇ ਉਸ ਨੇ ਪਹਿਲਾਂ ਕਦੇ ਸੱਪ ਨੂੰ ਨਾ ਦੇਖਿਆ ਹੁੰਦਾ ਜਾਂ ਸੱਪ ਬਾਰੇ ਕੁੱਝ ਪਹਿਲਾਂ ਤੋਂ ਹੀ ਨਾ ਜਾਣਿਆ ਹੁੰਦਾ, ਤਾਂ ਉਹ ਰੱਸੀ ਨੂੰ ਸੱਪ ਸਮਝ ਹੀ ਨਹੀਂ ਸੀ

ਸਕਦਾ । ਰੱਸੀ ਨੂੰ ਦੇਖਣ ਵਾਲੇ ਵਿਅਕਤੀ ਦਾ ਮਨ ਦਿੱਸ ਰਹੀ ਵਸਤੂ ਅਤੇ ਚੇਤੇ ਵਿੱਚ ਮੌਜੂਦ ਸੱਪ ਦਾ ਆਪਸ ਵਿੱਚ ਸੰਬੰਧ ਜੋੜ ਲੈਂਦਾ ਹੈ, ਜਿਸ ਨਾਲ ਰੱਸੀ ਹੀ ਸੱਪ ਜਾਪਣ ਲੱਗਦੀ ਹੈ । ਹੁਣ ਉਸ ਨੂੰ ਰੱਸੀ ਨਹੀਂ ਦਿੱਖ ਰਹੀ, ਸੱਪ ਹੀ ਦਿੱਖ ਰਿਹਾ ਹੈ, ਪਰ ਹੈ ਇਹ ਭਰਮ ਹੀ ।

ਆਪਣੇ ਆਪ ਨੂੰ ਸਰੀਰ ਸਮਝ ਲੈਣਾ ਜਾਂ ਆਪਣੇ ਆਪ ਨੂੰ ਮਨ ਸਮਝ ਲੈਣਾ ਵੀ ਭਰਮ ਹੀ ਹੈ, ਮਿਥਿਆ-ਗਿਆਨ ਹੀ ਹੈ । ਸਰੀਰ ਦੇ ਗੁਣ-ਧਰਮ ਨੂੰ ਆਤਮਾ ਦਾ ਗੁਣ-ਧਰਮ ਸਮਝ ਲੈਣਾ ਵੀ ਮਿਥਿਆ-ਗਿਆਨ ਹੈ ।

ਬਹੁਤ ਜਿਗਿਆਸੂ ਆਪਣੇ ਸਰੀਰ ਦੇ ਅੰਦਰ ਪੈ ਹੋ ਰਹੇ ਆਹਤ ਨਾਦ ਨੂੰ ਅਨਾਹਤ ਨਾਦ ਸਮਝ ਲੈਂਦੇ ਹਨ । ਉਨ੍ਹਾਂ ਦਾ 'ਆਹਤ ਨਾਦ' ਨੂੰ ਹੀ 'ਅਨਾਹਤ ਨਾਦ' ਸਮਝ ਲੈਣਾ ਮਿਥਿਆ-ਗਿਆਨ ਜਾਂ ਭਰਮ (illusion) ਹੈ ।

ਮਿਥਿਆ-ਗਿਆਨ ਚਿਤ ਦੀ ਇੱਕ ਵ੍ਰਿਤੀ ਹੈ । ਜਿਸ ਤਰ੍ਹਾਂ ਦਾ ਮਿਥਿਆ-ਗਿਆਨ ਹੁੰਦਾ ਹੈ, ਚਿਤ ਵੀ ਉਸੇ ਤਰ੍ਹਾਂ ਦਾ ਰੂਪ ਧਾਰ ਲੈਂਦਾ ਹੈ । ਮਿਥਿਆ ਗਿਆਨ ਅਵਿਦਿਆ ਹੈ । ਅਵਿਦਿਆ ਵਿਦਿਆ ਦਾ ਉਲਟ ਹੈ ।

ਵਿਦਿਆ ਕੀ ਹੈ? ਵਿਦਿਆ ਲਫ਼ਜ਼ 'ਵਿਦ' ਧਾਤੂ ਤੋਂ ਬਣਿਆ ਹੈ, ਜਿਸ ਦਾ ਭਾਵ ਹੈ, 'ਜਾਣਨਾ' ਜਾਂ 'ਸਮਝਣਾ' । ਜਾਣ ਲੈਣਾ ਜਾਂ ਗਿਆਨ ਹੀ ਵਿਦਿਆ ਹੈ । ਵਿਦਿਆ ਦੋ ਤਰ੍ਹਾਂ ਦੀ ਹੈ: ੧. ਅਪਰਾ ਵਿਦਿਆ, ਤੇ ੨. ਪਰਾ ਵਿਦਿਆ ।

ਸ਼ੌਨਕ ਜੀ ਦੇ ਪੁੱਛਣ ਉੱਤੇ ਉਨ੍ਹਾਂ ਦੇ ਗੁਰੂ ਅੰਗਿਰਾ ਜੀ ਨੇ ਆਖਿਆ ਸੀ: -

> तस्मै स होवाच। द्वे विद्ये वेदितव्ये इति ह स्म यादब्रह्मविदो वदन्ति परा चैवापरा च॥ (४, खण्ड १, मुंडकोपनिषद)।
>
> ਉਸਨੂੰ ਉਸ ਨੇ ਕਿਹਾ, "ਬ੍ਰਹਮਵੇਤਾਵਾਂ ਨੇ ਕਿਹਾ ਹੈ ਕਿ ਦੋ ਵਿਦਿਆਵਾਂ ਜਾਣਨਯੋਗ ਹਨ - ਪਰਾ ਤੇ ਅਪਰਾ"। (੪, ਖੰਡ ੧, ਮੁੰਡਕ ਉਪਨਿਸ਼ਦ)।

ਅੱਗੇ ਉਹ ਕਹਿੰਦੇ ਹਨ: -

> तत्रापरा ऋग्वेदो यजुर्वेद: सामवेद: अथर्ववेद: शिक्षा कल्पो व्याकरणम निरुक्तम छन्दो ज्योतिषमिति। अथ परा यया तदक्षरमधिगम्यते॥ (५, खण्ड १, मुंडकोपनिषद)।
>
> "ਉਨ੍ਹਾਂ ਵਿੱਚ ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵਵੇਦ, ਸਿਖਿਆ, ਕਲਪ, ਵਿਆਕਰਣ, ਨਿਰੁਕਤ, ਛੰਦ ਤੇ ਜੋਤਿਸ਼ - ਇਹ ਅਪਰਾ ਵਿਦਿਆ ਹੈ । ਜਿਸ ਨਾਲ ਅਖਰ ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ, ਉਹ ਪਰਾ ਵਿਦਿਆ ਹੈ ।"(੫, ਖੰਡ ੧, ਮੁੰਡਕ ਉਪਨਿਸ਼ਦ)।

ਮੁੰਡਕ ਉਪਨਿਸ਼ਦ ਦੀ ਵਿਆਖਿਆ ਕਰਦਿਆਂ ਸ੍ਰੀ (ਆਦਿ) ਸ਼ੰਕਰਾਚਾਰੀਆ ਜੀ ਆਖਦੇ ਹਨ: -

> अपरा हि विद्याविद्या सा निराकर्तव्या। तद्विषये हि विदिते न किंचित्तत्त्वतो विदित स्यादिति।
> (शंकर भाष्य, मुंडक उपनिषद)।
>
> ਅਪਰਾ ਵਿਦਿਆ ਤਾਂ ਅਵਿਦਿਆ ਹੀ ਹੈ । ਇਸ ਦਾ ਨਿਰਾਕਰਣ (ਖੰਡਨ) ਕੀਤਾ ਜਾਣਾ ਚਾਹੀਦਾ ਹੈ । ਉਸ ਦੇ ਵਿਸ਼ੇ ਵਿੱਚ ਜਾਣ ਲੈਣ ਨਾਲ ਤੱਤਵ ਰੂਪ ਨਾਲ ਕੁੱਛ ਵੀ ਨਹੀਂ ਜਾਣਿਆ ਜਾਂਦਾ । (ਮੁੰਡਕ ਉਪਨਿਸ਼ਦ ਭਾਸ਼ਯ)।

ਸ਼ੰਕਰਾਚਾਰੀਆ ਜੀ ਦੀ ਇਸ ਵਿਆਖਿਆ ਦਾ ਭਾਵ ਇਹ ਹੈ ਕਿ ਧਰਮ ਪੁਸਤਕਾਂ ਦਾ ਨਿਰਾ ਕਿਤਾਬੀ ਗਿਆਨ ਅਪਰਾ ਵਿਦਿਆ ਹੈ ਤੇ ਇਹ ਅਪਰਾ ਵਿਦਿਆ ਵੀ ਅਸਲ ਵਿੱਚ ਅਵਿਦਿਆ ਹੀ ਹੈ । ਨਿਰੇ ਕਿਤਾਬੀ ਗਿਆਨ ਨਾਲ ਤੱਤ-ਗਿਆਨ ਪ੍ਰਾਪਤ ਨਹੀਂ ਹੁੰਦਾ ।

> ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
> (੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।
>
> ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥
> ਬੇਦ ਪੁਰਾਣ ਪੜੈ ਸੁਣਿ ਥਾਟਾ ॥

ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥
(੨੨੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਧਰਮ ਪੁਸਤਕਾਂ ਪੜ੍ਹਨ ਦਾ ਤਾਂ ਹੀ ਲਾਭ ਹੈ, ਜੇ ਉਨ੍ਹਾਂ ਦੇ ਉਪਦੇਸ਼ ਉੱਤੇ ਅਮਲ ਕਰ ਕੇ ਪ੍ਰਭੂ ਦੀ ਯਾਦ ਵਿੱਚ ਜੁੜਿਆ ਜਾਏ । ਧਰਮ ਪੁਸਤਕਾਂ ਸਾਨੂੰ ਪੁਕਾਰ-ਪੁਕਾਰ ਕੇ ਇਹੋ ਆਖ ਰਹੀਆਂ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਸਭ ਕੁੱਝ ਹੋਛਾ ਹੈ ।

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥੧॥
(੭੬੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਗਿਆਨੀ ਉਹ ਨਹੀਂ, ਜਿਸ ਨੇ ਸਿਰਫ਼ ਕਿਤਾਬਾਂ ਦਾ ਹੀ ਗਿਆਨ ਹਾਸਿਲ ਕੀਤਾ ਹੈ । ਪੰਜਾਬ (ਭਾਰਤ) ਵਿੱਚ ਕੁੱਝ ਵਿਸ਼ਵਵਿਦਿਆਲੇ (Universties) 'ਗਿਆਨੀ' ਦੀ ਡਿਗਰੀ ਦਿੰਦੇ ਹਨ । ਕਈ ਸੰਸਥਾਗਤ ਸੰਪਰਦਾਇ ਵੀ 'ਗਿਆਨੀ' ਦੀ ਪਦਵੀ ਦਿੰਦੇ ਹਨ । ਕਿਸੇ ਵਿਸ਼ਵਵਿਦਿਆਲੇ (University) ਤੋਂ ਜਾਂ ਕਿਸੇ ਸੰਸਥਾਗਤ ਸੰਪਰਦਾਇ ਆਦਿ ਤੋਂ 'ਗਿਆਨੀ' ਦੀ ਡਿਗਰੀ ਜਾਂ ਪਦਵੀ ਲੈ ਲੈਣ ਨਾਲ ਕੋਈ ਬ੍ਰਹਮ ਸੰਬੰਧੀ ਗਿਆਨੀ ਨਹੀਂ ਬਣ ਜਾਂਦਾ, ਬੇਸ਼ਕ ਅਜਿਹਾ ਵਿਅਕਤੀ ਆਪਣੇ ਆਪ ਨੂੰ ਗਿਆਨੀ ਅਖਵਾਉਂਦਾ ਰਹੇ ।

ਹ੍ਰਿਦੈ ਕਪਟੁ ਮੁਖ ਗਿਆਨੀ ॥ (੬੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਤ੍ਰਿਗੁਣਾਤਮਿਕ ਚਿੱਤ (ਅੰਤਹਕਰਣ) ਵਿੱਚ ਅਪਰਾ ਵਿਦਿਆ ਹੀ ਭਰੀ ਜਾ ਸਕਦੀ ਹੈ । ਪੰਜ ਗਿਆਨ ਇੰਦਰੀਆਂ ਰਾਹੀਂ ਜੋ ਕੁੱਝ ਜਾਣਿਆ ਜਾਂਦਾ ਹੈ, ਉਹ ਅਪਰਾ ਵਿਦਿਆ ਹੀ ਹੁੰਦੀ ਹੈ । ਸੰਸਥਾਗਤ ਸੰਪਰਦਾਇ ਅਪਰਾ ਵਿਦਿਆ ਹੀ ਸਿਖਾਉਂਦੇ ਹਨ । ਦੁਨੀਆਵੀ ਗਿਆਨੀ ਜਾਂ ਪੰਡਿਤ ਅਪਰਾ ਵਿਦਿਆ ਦਾ ਹੀ ਜਾਣੂ ਹੁੰਦਾ ਹੈ । ਅਪਰਾ ਵਿਦਿਆ ਤੋਂ ਪ੍ਰਾਪਤ ਕਰਮਾਂ ਨੂੰ ਹੀ ਉਹ ਅਸਲ ਬ੍ਰਹਮ ਗਿਆਨ ਸਮਝ ਕੇ ਭਰਮ ਵਿੱਚ ਪਿਆ ਰਹਿੰਦਾ ਹੈ ।

ਪੜਿ ਪੁਸ੍ਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥
ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥
ਕਹੁ ਨਾਨਕ ਨਿਸਚੌ ਧਿਯਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੧॥
(੧੩੫੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਕਬੀਰ ਜੀ ਜਦੋਂ ਆਖਦੇ ਹਨ ਕਿ ਮੈਂ ਵਿਦਿਆ ਨਹੀਂ ਪੜ੍ਹੀ ਤੇ ਵਾਦ ਕਰਨਾ ਨਹੀਂ ਜਾਣਦਾ, ਤਾਂ ਉਨ੍ਹਾਂ ਦਾ ਭਾਵ ਅਪਰਾ ਵਿਦਿਆ ਤੋਂ ਹੀ ਹੈ: -

ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥ (੮੫੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਅਸੀਂ ਪਿੱਛੇ ਦੇਖ ਚੁੱਕੇ ਹਾਂ ਕਿ ਸ਼ੰਕਰਾਚਾਰੀਆ ਜੀ ਇਸ ਅਪਰਾ ਵਿਦਿਆ ਨੂੰ ਅਵਿਦਿਆ ਮੰਨਦੇ ਹਨ ।

अपरा हि विद्याविद्या (शंकर भाष्य, मुंडक उपनिषद)।

ਇਸ ਨੂੰ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਅਪਰਾ ਵਿਦਿਆ ਨੂੰ ਹੀ ਪਰਾ ਵਿਦਿਆ ਸਮਝ ਲੈਣਾ ਅਵਿਦਿਆ ਹੈ । ਕਿਸੇ ਵਸਤੂ ਦੇ ਅਸਲ ਸਰੂਪ ਨੂੰ ਨਾ ਸਮਝ ਸਕਣਾ ਹੀ ਮਿਥਿਆ ਗਿਆਨ ਜਾਂ ਅਵਿਦਿਆ ਹੈ । ਅਪਰਾ ਵਿਦਿਆ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਕਰਾ ਸਕਦੀ । ਜੇ ਕੋਈ ਇਹ ਸਮਝਦਾ ਹੈ ਕਿ ਅਪਰਾ ਵਿਦਿਆ ਪੜ੍ਹ ਜਾਂ ਜਾਣ ਲੈਣ ਨਾਲ ਹੀ ਬ੍ਰਹਮ ਦੀ ਪ੍ਰਾਪਤੀ ਹੋ ਗਈ ਸਮਝੀ ਜਾਣੀ ਚਾਹੀਦੀ ਹੈ, ਤਾਂ ਉਹ ਅਵਿਦਿਆ ਦਾ ਸ਼ਿਕਾਰ ਹੈ । ਉਸ ਦਾ ਉਹ ਕਥਿੱਤ ਗਿਆਨ ਅਸਲ ਵਿੱਚ ਮਿਥਿਆ ਗਿਆਨ ਹੀ ਹੈ ।

ਅਜਿਹੀਆਂ ਪੁਸਤਕਾਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਕਈ ਬੀਮਾਰੀਆਂ ਦੇ ਇਲਾਜ ਲਈ ਦਵਾਈਆਂ ਬਣਾਉਣ ਦੀ ਵਿਧੀ ਲਿੱਖੀ ਹੁੰਦੀ ਹੈ । ਕੋਈ ਵਿਅਕਤੀ ਭਾਸ਼ਾ, ਵਿਆਕਰਣ, ਕੋਸ਼ ਆਦਿ ਦੇ ਸਹਾਰੇ ਉਸ ਪੁਸਤਕ ਦੀ ਪੂਰੀ-ਪੂਰੀ ਜਾਣਕਾਰੀ ਪ੍ਰਾਪਤ ਕਰ ਲੈਂਦਾ ਹੈ । ਪਰ, ਅਜੇ ਵੀ ਉਸ ਵੱਲੋਂ ਉਸ ਪੁਸਤਕ ਤੋਂ ਪ੍ਰਾਪਤ ਕੀਤਾ ਗਿਆ ਗਿਆਨ 'ਅਪਰਾ ਵਿਦਿਆ' ਦੀ ਸ਼੍ਰੇਣੀ ਵਿੱਚ ਹੀ ਰੱਖਿਆ ਜਾਏਗਾ, ਕਿਉਂਕਿ ਉਸ ਨੇ ਉਸ ਪੁਸਤਕ ਵਿੱਚ ਦਿੱਤੀ ਜਾਣਕਾਰੀ ਤੇ ਵਿਧੀ ਨੂੰ ਵਰਤ ਕੇ ਸੱਚਮੁੱਚ ਹੀ ਦਵਾਈ ਤਾਂ ਨਹੀਂ ਬਣਾਈ । ਉਸ ਨੇ ਪੁਸਤਕ ਪੜ੍ਹੀ ਤਾਂ ਜ਼ਰੂਰ, ਪਰ ਉਹ ਪੁਸਤਕ ਪੜ੍ਹ ਕੇ ਉਸਨੇ ਦਵਾਈ ਨਹੀਂ ਬਣਾਈ ਤੇ ਉਹ ਦਵਾਈ ਵਰਤ ਕੇ ਉਹ ਖ਼ੁਦ ਰੋਗ-ਮੁਕਤ ਨਹੀਂ ਹੋ ਸਕਿਆ । ਪੁਸਤਕ ਪੜ੍ਹ ਕੇ ਵੀ ਉਹ ਰੋਗੀ ਹੀ ਰਿਹਾ ।

ਅਪਰਾ ਵਿਦਿਆ ਪੜ੍ਹ ਕੇ ਹੀ ਖ਼ੁਦ ਨੂੰ ਪੰਡਿਤ ਜਾਂ ਗਿਆਨੀ ਸਮਝਣ ਵਾਲਾ ਵੀ ਰੋਗੀ ਹੀ ਹੈ: -

ਭੈਰਉ ਮਹਲਾ ੫ ॥ ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥
ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥
ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥
ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥
ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥
(੧੧੪੦-੧੧੪੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਆਚਾਰੀਆ ਪਤੰਜਲੀ ਨੇ ਮਿਥਿਆ ਗਿਆਨ ਨੂੰ ਪੰਜ ਕਲੇਸ਼ਾਂ ਦੇ ਰੂਪ ਵਿੱਚ ਵਰਣਨ ਕਰਦਿਆਂ ਲਿਖਿਆ ਹੈ: -

अविद्यास्मितारागद्वेषाभिनिवेशाः क्लेशाः॥ (३, साधनपाद, योगसूत्र)।

ਅਵਿਦਯਾਸਮਿਤਾਰਾਗਦਵੇਸ਼ਾਭਿਨਿਵੇਸ਼ਾ: ਕਲੇਸ਼ਾ: ॥ (੩, ਸਾਧਨਪਾਦ, ਯੋਗਸੂਤ੍ਰ)।

ਅਵਿਦਿਆ, ਅਸਮਿਤਾ, ਰਾਗ, ਦਵੇਸ਼, ਤੇ ਅਭਿਨਿਵੇਸ਼, ਇਹ ਕਲੇਸ਼ ਹਨ ।

ਅਵਿਦਿਆ: - ਅਵਿਦਿਆ ਦੇ ਚਾਰ ਲੱਛਣ ਦੱਸਦੇ ਹੋਏ ਆਚਾਰੀਆ ਪਤੰਜਲੀ ਕਹਿੰਦੇ ਹਨ: -

अनित्याशुचिदुःखानात्मसु नित्यशुचिसुखात्मख्यातिर्विद्या॥ (५, साधनपाद, योगसूत्र)।

ਅਨਿਤਯਾਸ਼ੁਚਿਦੁਖਾਨਾਤਮਸੁ ਨਿਤਯਸ਼ੁਚਿਸੁਖਾਤਮਖਯਾਤਿਰਵਿਦਯਾ ॥ (੫, ਸਾਧਨਪਾਦ, ਯੋਗਸੂਤ੍ਰ)।

ਅਨਿੱਤ (ਸਦਾ ਨਾ ਰਹਿਣ ਵਾਲਾ) ਨੂੰ ਨਿੱਤ (ਸਦਾ ਰਹਿਣਾ ਵਾਲਾ) ਸਮਝਣਾ, ਅਪਵਿੱਤਰ ਨੂੰ ਪਵਿੱਤਰ ਸਮਝਣਾ, ਦੁੱਖ ਨੂੰ ਸੁੱਖ ਸਮਝਣਾ, ਤੇ ਅਨਾਤਮਾ (ਜੜ) ਨੂੰ ਆਤਮਾ ਸਮਝਣਾ ਅਵਿਦਿਆ ਹੈ ।

ਅਸਮਿਤਾ: - ਅਸਮਿਤਾ ਕੀ ਹੈ? ਆਚਾਰੀਆ ਪਤੰਜਲੀ ਅਨੁਸਾਰ: -

दृग्दर्शनशक्त्योरेकात्मतेवास्मिता॥ (६, साधनपाद, योगसूत्र)।

ਦ੍ਰਿਗਦਰਸ਼ਨਸ਼ਕਤਯੋਰੇਕਾਤਮਤੇਵਾਸਮਿਤਾ ॥ (੬, ਸਾਧਨਪਾਦ, ਯੋਗਸੂਤ੍ਰ)।

ਦ੍ਰਸ਼ਟਾ (ਦੇਖਣ ਵਾਲਾ / ਦਰਸ਼ਕ) ਤੇ ਦੇਖਣ ਦੀ ਸ਼ਕਤੀ ਦਾ ਇੱਕ ਰੂਪ ਹੀ ਭਾਸਣਾ ਅਸਮਿਤਾ ਕਲੇਸ਼ ਹੈ ।

ਇਸ ਨੂੰ ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਅਸਮਿਤਾ ਨੂੰ ਆਤਮਾ ਸਮਝ ਲੈਣਾ ਅਸਮਿਤਾ ਕਲੇਸ਼ ਹੈ। ਅਸਮਿਤਾ ਤ੍ਰਿਗੁਣਾਤਮਿਕਾ ਹੈ ਤੇ ਆਤਮਾ ਤ੍ਰਿਗੁਣਾਤੀਤ। ਤ੍ਰਿਗੁਣਾਤਮਿਕਾ ਅਸਮਿਤਾ ਨੂੰ ਆਤਮਾ ਸਮਝ ਲੈਣਾ ਮਿਥਿਆ ਗਿਆਨ ਹੈ। ਆਤਮਾ ਦੇਖਣਾ ਵਾਲਾ ਦਰਸ਼ਕ (ਦ੍ਰਸ਼ਟਾ) ਹੈ ਤੇ ਅਸਮਿਤਾ ਕਿਸੇ ਵਿਸ਼ੇ ਨੂੰ ਜਾਣਨ ਦਾ ਇੱਕ ਕਰਣ ਜਾਂ ਔਜਾਰ ਹੈ। ਦਰਸ਼ਕ ਤੇ ਉਸ ਦਾ ਔਜਾਰ ਦੋ ਵੱਖੋ-ਵੱਖਰੀਆਂ ਵਸਤੂਆਂ ਹਨ। ਇਨ੍ਹਾਂ ਦੋਹਾਂ ਦਾ ਜੀਵ ਨੂੰ ਇੱਕ-ਰੂਪ ਭਾਸਣਾ ਮਿਥਿਆ-ਗਿਆਨ ਹੈ।

ਰਾਗ: - ਕਿਸੇ ਵਸਤੂ ਨੂੰ ਭੋਗ ਕੇ ਜੇ ਮਨ ਨੂੰ ਸੁੱਖ ਦੀ ਪ੍ਰਤੀਤੀ ਹੁੰਦੀ ਹੈ, ਤਾਂ ਮਨ ਵਿੱਚ ਉਸ ਵਸਤੂ ਨੂੰ ਵਾਰ-ਵਾਰ ਭੋਗਣ ਦੀ ਇੱਛਾ ਬਣ ਜਾਂਦੀ ਹੈ। ਉਸ ਵਸਤੂ ਨੂੰ ਭੋਗਣ ਦੀ ਇੱਛਾ ਤੇ ਉਸ ਵਸਤੂ ਨੂੰ ਪ੍ਰਾਪਤ ਕਰਨ ਦੇ ਸਾਧਨਾਂ ਪ੍ਰਤੀ ਲਗਾਉ ਚਿੱਤ ਵਿੱਚ ਇੱਕ ਵਿਸ਼ੇਸ਼ ਤਰ੍ਹਾਂ ਦੇ ਸੰਸਕਾਰ ਪੈਦਾ ਕਰ ਦਿੰਦੇ ਹਨ। ਇਹ ਸੰਸਕਾਰ ਹੀ ਰਾਗ ਆਖੇ ਜਾਂਦੇ ਹਨ।

सुखानुशयी रागः॥ (७, साधनपाद, योगसूत्र)।

ਸੁਖਾਨੁਸ਼ਯੀ ਰਾਗ: ॥ (੭, ਸਾਧਨਪਾਦ, ਯੋਗਸੂਤ੍ਰ)।

ਸੁੱਖ ਭੋਗਣ ਪਿੱਛੇ ਚਿੱਤ ਵਿੱਚ ਜੋ ਉਸ ਦੇ ਭੋਗ ਦੀ ਇੱਛਾ ਰਹਿੰਦੀ ਹੈ, ਉਹ ਰਾਗ ਹੈ । ਜਿਨ੍ਹਾਂ ਵਸਤੂਆਂ ਤੇ ਵਿਸ਼ਿਆਂ ਤੋਂ ਸੁੱਖ ਮਿਲਦਾ ਪ੍ਰਤੀਤ ਹੁੰਦਾ ਹੈ, ਉਨ੍ਹਾਂ ਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਸਾਧਨਾਂ ਪ੍ਰਤੀ ਤ੍ਰਿਸ਼ਣਾ ਤੇ ਲੋਭ ਦੇ ਜੋ ਸੰਸਕਾਰ ਚਿੱਤ ਉੱਤੇ ਪੈਂਦੇ ਹਨ, ਉਹ ਰਾਗ ਹੈ ।

ਦਵੇਸ਼: - ਰਾਗ ਹੀ ਦਵੇਸ਼ ਦਾ ਕਾਰਣ ਵੀ ਬਣਦਾ ਹੈ । ਜਿਸ ਵਸਤੂ ਪ੍ਰਤੀ ਰਾਗ ਹੋਵੇ, ਉਸ ਦੀ ਪ੍ਰਾਪਤੀ ਵਿੱਚ ਜੋ ਰੁਕਾਵਟ ਬਣੇ, ਉਸ ਪ੍ਰਤੀ ਦਵੇਸ਼ ਹੋਣ ਲੱਗ ਜਾਂਦਾ ਹੈ । ਜਿਨ੍ਹਾਂ ਵਸਤੂਆਂ ਨਾਲ ਸ਼ਰੀਰ ਤੇ ਮਨ ਆਦਿ ਨੂੰ ਦੁੱਖ ਪ੍ਰਤੀਤ ਹੁੰਦਾ ਹੈ, ਉਨ੍ਹਾਂ ਪ੍ਰਤੀ ਜੋ ਭਾਵਨਾ ਹੈ, ਉਹ ਦਵੇਸ਼ ਹੈ ।

> दु:खानुशयी द्वेष:॥ (८, साधनपाद, योगसूत्र)।
>
> ਦੁਖਾਨੁਸ਼ਯੀ ਦਵੇਸ਼: ॥ (੮,ਸਾਧਨਪਾਦ, ਯੋਗਸੂਤ੍ਰ)।
>
> ਦੁੱਖ ਦੇ ਅਨੁਭਵ ਪਿੱਛੇ ਜੋ ਘਿਰਣਾ ਦੀ ਵਾਸਨਾ ਚਿੱਤ ਵਿੱਚ ਰਹਿੰਦੀ ਹੈ, ਉਹ ਦਵੇਸ਼ ਹੈ ।

ਅਭਿਨਿਵੇਸ਼: - ਅਭਿਨਿਵੇਸ਼ ਬਾਰੇ ਆਚਾਰੀਆ ਪਤੰਜਲੀ ਲਿੱਖਦੇ ਹਨ: -

> स्वरसवाही विदूष: अपि तथारूढ: अभिनिवेश:॥ (९, साधनपाद, योगसूत्र)।
>
> ਸਵਰਸਵਾਹੀ ਵਿਦੂਸ਼: ਅਪਿ ਤਥਾਰੂਢ: ਅਭਿਨਿਵੇਸ਼: ॥ (੯, ਸਾਧਨਪਾਦ, ਯੋਗਸੂਤ੍ਰ)।
>
> ਪ੍ਰਸਿੱਧ ਹੈ ਕਿ ਵਿਦਵਾਨ ਦੇ (ਚਿੱਤ ਵਿੱਚ) ਵੀ ਜੋ ਸਵਰਸਵਾਹੀ (ਸੁਭਾਅ ਤੋਂ ਵਹਿਣ ਵਾਲਾ, ਜੋ ਕੁਦਰਤੀ ਤੌਰ 'ਤੇ ਵਹਿ ਰਿਹਾ) ਹੈ, ਉਹ ਅਭਿਨਿਵੇਸ਼ ਕਲੇਸ਼ ਹੈ ।

ਅਭਿਨਿਵੇਸ਼ ਦਾ ਅਰਥ ਹੈ, 'ਕਿਤੇ ਅਜਿਹਾ ਨਾ ਹੋਵੇ ਕਿ ਮੈਂ ਨਾ ਰਹਾਂ' । ਇਹ ਭੈਅ ਹੈ । ਇਹ ਮੌਤ ਦਾ ਡਰ ਹੈ । ਤੇ ਇਹ ਡਰ ਸੁਭਾਵਿਕ ਰੂਪ ਵਿੱਚ ਹਰ ਵਿਅਕਤੀ ਦੇ ਚਿੱਤ ਵਿੱਚ ਮੌਜੂਦ ਹੈ, ਵਿਦਵਾਨ ਦੇ ਚਿੱਤ ਵਿੱਚ ਵੀ । ਇੱਥੇ ਵਿਦਵਾਨ ਤੋਂ ਭਾਵ ਉਹ ਵਿਅਕਤੀ ਹੈ, ਜੋ ਨਿਰੀ ਅਪਰਾ ਵਿਦਿਆ ਦਾ ਜਾਣਕਾਰ ਹੈ । ਇਹ ਮੌਤ ਦਾ ਡਰ ਸਿਰਫ਼ ਇਸ ਜਨਮ ਵਿੱਚ ਹੀ ਚਿੱਤ ਵਿੱਚ ਪੈਦਾ ਨਹੀਂ ਹੋਇਆ, ਸਗੋਂ ਇਹ ਤਾਂ ਜਨਮਾਂ-ਜਨਮਾਂ ਤੋਂ ਹੀ ਚਿੱਤ ਦੇ ਨਾਲ ਵੱਗਦਾ ਚਲਿਆ ਆ ਰਿਹਾ ਹੈ ।

ਅਵਿਦਿਆ, ਅਸਮਿਤਾ, ਰਾਗ, ਦਵੇਸ਼, ਤੇ ਅਭਿਨਿਵੇਸ਼, ਇਹ ਸਭ ਮਿਥਿਆ ਗਿਆਨ ਦੇ ਹੀ ਵੱਖ-ਵੱਖ ਰੂਪ ਹਨ । ਸਾਂਖਯ ਵਿੱਚ ਇਨ੍ਹਾਂ ਪੰਜ ਕਲੇਸ਼ਾਂ ਨੂੰ ਹੀ ਇਹ ਨਾਮ ਦਿੱਤੇ ਗਏ ਹਨ: - ਤਮ, ਮੋਹ, ਮਹਾਮੋਹ, ਤਾਮਿਸ੍ਰ, ਤੇ ਅੰਧਤਾਮਿਸ੍ਰ ।

ਸਮ੍ਰਿਤੀ

ਸਮ੍ਰਿਤੀ, ਚੇਤਾ ਤੇ ਯਾਦਦਾਸ਼ਤ (memory) ਸਮਾਨ-ਅਰਥਕ ਲਫ਼ਜ਼ ਹਨ । ਜਾਗਰਤ ਅਵਸਥਾ ਦੌਰਾਨ ਰਜੋਗੁਣ ਪ੍ਰਮੁੱਖ ਹੋ ਕੇ ਚਿੱਤ ਨੂੰ ਗਿਆਨ-ਇੰਦਰੀਆਂ ਰਾਹੀਂ ਬਾਹਰੀ ਵਿਸ਼ਿਆਂ ਨਾਲ ਜੋੜੀ ਰੱਖਦਾ ਹੈ । ਇਸ ਅਵਸਥਾ ਦੌਰਾਨ ਜੋ ਵਿਸ਼ੇ ਚਿੱਤ ਨੂੰ ਪ੍ਰਾਪਤ ਹੁੰਦੇ ਹਨ, ਉਨ੍ਹਾਂ ਦੀ ਯਾਦ ਚਿੱਤ ਵਿੱਚ ਹੀ ਸੰਭਾਲ ਕੇ ਰੱਖ ਲਈ ਜਾਂਦੀ ਹੈ । ਜਦੋਂ ਚਿੱਤ ਆਪਣੇ ਚੇਤੇ ਜਾਂ ਯਾਦਦਾਸ਼ਤ ਵਿੱਚ ਪਏ ਵਿਸ਼ੇ ਨੂੰ ਯਾਦ ਕਰਦਾ ਹੈ, ਤਾਂ ਉਸੇ ਵਰਗੀ ਵ੍ਰਿਤੀ ਜਾਂ ਰੂਪ ਧਾਰਣ ਕਰ ਲੈਂਦਾ ਹੈ ।

ਨੀਂਦ

ਨੀਂਦ ਜੀਵ ਦਾ ਇੱਕ ਸੁਭਾਵਿਕ ਕਰਮ ਹੈ । ਨੀਂਦ ਦੌਰਾਨ ਸਤੋਗੁਣ ਦੱਬਿਆ ਰਹਿੰਦਾ ਹੈ । ਤਮੋਗੁਣ ਚਿੱਤ ਉੱਤੇ ਪ੍ਰਮੁੱਖ ਹੋ ਕੇ ਆਪਣਾ ਪ੍ਰਭਾਵ ਪਾ ਲੈਂਦਾ ਹੈ ਤੇ ਰਜੋਗੁਣ ਨੂੰ ਕੋਈ ਵੀ ਕਿਰਿਆ ਕਰਨ ਤੋਂ ਰੋਕ ਦਿੰਦਾ ਹੈ । ਇਹ ਅਭਾਵ ਦੀ ਅਵਸਥਾ ਹੈ । ਚਿੱਤ ਵੀ ਉਸ ਵੇਲੇ ਉਹ ਹੀ ਰੂਪ ਧਾਰਣ ਕਰ ਲੈਂਦਾ ਹੈ ।

ਨੀਂਦ ਦੀ ਅਵਸਥਾ ਕੋਈ ਅਜਿਹੀ ਅਵਸਥਾ ਨਹੀਂ, ਜੋ ਹਮੇਸ਼ਾ ਇੱਕੋ ਜਿਹੀ ਰਹਿੰਦੀ ਹੋਵੇ । ਜੇ ਕੋਈ ਜੀਵ ੬ ਘੰਟੇ ਦੀ ਨੀਂਦ ਲੈਂਦਾ ਹੈ, ਤਾਂ ਇਨ੍ਹਾਂ ੬ ਘੰਟਿਆਂ ਦੌਰਾਨ ਉਹ ਨੀਂਦ ਤੇ ਸੁਪਨੇ ਦੀਆਂ ਵੱਖ-ਵੱਖ ਅਵਸਥਾਵਾਂ ਵਿੱਚੋਂ ਗੁਜ਼ਰਦਾ ਹੈ । ਪਹਿਲਾਂ ਉਹ ਕੱਚੀ ਨੀਂਦ ਦੀ ਅਵਸਥਾ ਵਿੱਚ ਜਾਂਦਾ ਹੈ । ਕੁੱਝ ਦੇਰ ਬਾਅਦ ਉਹ ਡੂੰਘੀ ਨੀਂਦ ਵਿੱਚ ਚਲਾ ਜਾਂਦਾ ਹੈ । ਉਸ ਮਗਰੋਂ ਉਹ ਕੱਚੀ ਨੀਂਦ ਵਿੱਚ ਆ ਜਾਂਦਾ ਹੈ । ਫਿਰ ਉਹ ਸੁਪਨੇ ਦੀ ਅਵਸਥਾ ਵਿੱਚੋਂ ਗੁਜ਼ਰਦਾ ਹੈ ਤੇ ਫਿਰ ਉਸ ਦੀ ਨੀਂਦ ਖੁੱਲ੍ਹ ਜਾਂਦੀ ਹੈ । ਇਹ ਇੱਕ ਚੱਕਰ (Cycle) ਹੈ । ਨੀਂਦ ਖੁੱਲ੍ਹਣ ਤੋਂ ਬਾਅਦ ਉਹ ਫਿਰ ਕੱਚੀ ਨੀਂਦ, ਫਿਰ ਗੂੜ੍ਹੀ ਨੀਂਦ, ਫਿਰ ਕੱਚੀ ਨੀਂਦ, ਫਿਰ ਸੁਪਨਾ ਤੇ ਫਿਰ ਨੀਂਦ ਟੁੱਟ ਜਾਣ ਦੀ ਅਵਸਥਾ ਦੇ ਇਸ ਚੱਕਰ ਵਿੱਚੋਂ ਬਾਰਬਾਰ ਲੰਘਦਾ ਰਹਿੰਦਾ ਹੈ । ਇੱਕ ੬ ਘੰਟੇ ਦੀ ਨੀਂਦ ਵਿੱਚ ਕੋਈ ਜੀਵ ਅਜਿਹੇ ੫ ਜਾਂ ੬ ਚੱਕਰਾਂ ਵਿੱਚੋਂ ਲੰਘ ਸਕਦਾ ਹੈ ।

ਚਿੱਤ ਦੀਆਂ ਅਵਸਥਾਵਾਂ

ਚਿੱਤ ਦੀਆਂ ਹੇਠ ਲਿੱਖੀਆਂ ਚਾਰ ਮੁੱਖ ਅਵਸਥਾਵਾਂ ਹਨ: -

੧. ਜਾਗਰਤ,
੨. ਸੁਪਨਾ,
੩. ਨੀਂਦ,
੪. ਸਮਾਧੀ ।

ਇਨ੍ਹਾਂ ਵਿੱਚੋਂ ਪਹਿਲੀਆਂ ਤਿੰਨ (ਜਾਗਰਤ, ਸੁਪਨਾ ਤੇ ਨੀਂਦ) ਸਾਧਾਰਣ ਮਨੁੱਖ ਦੇ ਚਿੱਤ ਦੀਆਂ ਅਵਸਥਾਵਾਂ ਹਨ, ਜਿਸ ਵਿੱਚੋਂ ਹਰ ਮਨੁੱਖ, ਤੇ ਇੱਥੋਂ ਤਕ ਕਿ ਹੋਰ ਜਾਨਵਰ ਵੀ, ਲੰਘਦੇ ਹਨ। ਚਿੱਤ ਦੀ ਚੌਥੀ ਅਵਸਥਾ ਸਮਾਧੀ ਦੀ ਹੈ, ਜੋ ਘੱਟ ਲੋਕਾਂ ਨੂੰ ਪ੍ਰਾਪਤ ਹੁੰਦੀ ਹੈ ।

੧. ਜਾਗਰਤ

ਜਾਗਰਤ ਤੋਂ ਭਾਵ ਚਿੱਤ ਦੀ ਉਹ ਅਵਸਥਾ ਹੈ, ਜਦੋਂ ਜੀਵ ਨਾ ਤਾਂ ਕੋਈ ਸੁਪਨਾ ਵੇਖ ਰਿਹਾ ਹੈ ਤੇ ਨਾ ਹੀ ਸੁਪਨੇ ਤੋਂ ਰਹਿਤ ਨੀਂਦ ਵਿੱਚ ਹੈ। ਜਾਗਰਤ ਦੀ ਅਵਸਥਾ ਤੋਂ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਇਸ ਅਵਸਥਾ ਦਾ ਕੋਈ ਇੱਕ ਹੀ ਪੜਾਅ ਹੈ, ਸਗੋਂ ਜਾਗਰਤ ਦੀ ਅਵਸਥਾ ਵੇਲੇ ਕੋਈ ਜੀਵ ਜਾਗਰਤ ਅਵਸਥਾ ਦੇ ਕਿਸੇ ਵੀ ਪੜਾਅ ‘ਤੇ ਹੋ ਸਕਦਾ ਹੈ।

ਉਦਾਹਰਣ ਵਜੋਂ, ਸ਼ਰਾਬ ਆਦਿ ਦੇ ਥੋੜੇ ਜਿਹੇ ਨਸ਼ੇ ਵਾਲਾ ਵਿਅਕਤੀ ਵੀ ਜਾਗਰਤ ਦੀ ਹੀ ਅਵਸਥਾ ਵਿੱਚ ਹੈ, ਪ੍ਰੰਤੂ ਉਸ ਦੀ ਜਾਗਰਤ ਅਵਸਥਾ ਨਸ਼ਾ-ਰਹਿਤ ਵਿਅਕਤੀ ਦੀ ਜਾਗਰਤ ਅਵਸਥਾ ਨਾਲੋਂ ਭਿੰਨ ਹੈ। ਇਸੇ ਪ੍ਰਕਾਰ, ਜ਼ਿਆਦਾ ਨਸ਼ੇ ਵਿੱਚ ਮਸਤ ਡੁੱਬਿਆ ਵਿਅਕਤੀ ਜਾਗਰਤ ਅਵਸਥਾ ਦੇ ਕਿਸੇ ਹੋਰ ਪੜਾਅ ਉੱਤੇ ਹੁੰਦਾ ਹੈ।

ਪਾਗਲ ਵਿਅਕਤੀ ਦੀਆਂ ਗੱਲਾਂ ਸੁਣ ਕੇ ਅਸੀਂ ਕੀ ਕਹਾਂਗੇ? ਕੀ ਉਹ ਜਾਗਰਤ ਅਵਸਥਾ ਵਿੱਚ ਹੈ, ਜਾਂ ਨੀਂਦ ਵਿੱਚ ਹੈ? ਯਕੀਨਨ ਉਹ ਜਾਗਰਤ ਅਵਸਥਾ ਵਿੱਚ ਹੀ ਹੈ, ਪਰ ਉਸ ਦੀ ਜਾਗਰਤ ਅਵਸਥਾ ਕਿਸੇ ਵੱਖਰੇ ਪੜਾਅ ਵਾਲੀ ਹੈ।

ਇੱਕ ਮੂਰਖ ਵਿਅਕਤੀ ਦੀ ਜਾਗਰਤ ਅਵਸਥਾ ਤੇ ਇੱਕ ਸਮਝਦਾਰ ਵਿਅਕਤੀ ਦੀ ਜਾਗਰਤ ਅਵਸਥਾ ਵਿੱਚ ਅੰਤਰ ਹੁੰਦਾ ਹੈ। ਇੱਕ ਖ਼ੁਸ਼ ਵਿਅਕਤੀ ਤੇ ਇੱਕ ਬਹੁਤ ਦੁੱਖੀ ਵਿਅਕਤੀ ਦੀ ਜਾਗਰਤ ਅਵਸਥਾ ਵਿੱਚ ਬਹੁਤ ਅੰਤਰ ਹੁੰਦਾ ਹੈ। ਕੋਈ ਵਿਅਕਤੀ ਜਦੋਂ ਨਿਡਰ ਹੁੰਦਾ ਹੈ, ਤੇ ਉਹੀ ਵਿਅਕਤੀ ਜਦੋਂ ਬਹੁਤ ਡਰਿਆ ਹੁੰਦਾ ਹੈ, ਦੋਹਾਂ ਹਾਲਤਾਂ ਵਿੱਚ ਉਹ ਹੁੰਦਾ ਤਾਂ ਜਾਗਰਤ ਅਵਸਥਾ ਵਿੱਚ ਹੀ ਹੈ, ਪ੍ਰੰਤੂ ਫਿਰ ਵੀ ਉਹ ਦੋਵੇਂ ਜਾਗਰਤ ਅਵਸਥਾਵਾਂ ਵਿੱਚ ਕੁੱਝ ਭੇਦ ਜ਼ਰੂਰ ਹੁੰਦਾ ਹੈ।

ਹੋ ਸਕਦਾ ਹੈ ਕਿ ਬਹੁਤ ਡਰਿਆ ਹੋਇਆ ਵਿਅਕਤੀ ਆਪਣੇ ਸਾਹਮਣੇ ਪਈ ਹੋਈ ਕੋਈ ਵਸਤੂ ਨੂੰ ਦੇਖ ਹੀ ਨਹੀਂ ਸਕੇ। ਐਸਾ ਨਹੀਂ ਕਿ ਉਸ ਵਸਤੂ ਦੀ ਅਣਹੋਂਦ ਹੈ। ਉਹ ਵਸਤੂ ਤਾਂ ਉੱਥੇ ਮੌਜੂਦ ਹੈ, ਪਰ ਵਿਅਕਤੀ ਦੇ ਮਨ ਵਿੱਚ ਡਰ ਸਮਾਇਆ ਹੋਣ ਕਾਰਣ ਉਸ ਦਾ ਚਿੱਤ ਆਮ ਹਾਲਤ ਅਨੁਸਾਰ ਸਥਿਰ ਨਹੀਂ ਹੈ।

ਸਾਧਾਰਣ ਭੁਲੱਕੜ ਵਿਅਕਤੀ ਦੀ ਜਾਗਰਤ ਅਵਸਥਾ ਬਾਰੇ ਕੀ ਕਹੋਗੇ? ਯਕੀਨਨ ਹੀ ਉਸ ਦੀ ਜਾਗਰਤ ਅਵਸਥਾ ਤੇਜ਼ ਯਾਦਦਾਸ਼ਤ ਵਾਲੇ ਮਨੁੱਖ ਦੀ ਜਾਗਰਤ ਅਵਸਥਾ ਨਾਲੋਂ ਵੱਖਰੀ ਹੈ। ਉਹ ਵਿਅਕਤੀ, ਜੋ ਕਿਸੇ ਮਾਨਸਿਕ ਬੀਮਾਰੀ ਕਾਰਣ ਆਪਣੀ ਸਾਰੀ ਯਾਦਦਾਸ਼ਤ ਖੋ ਚੁੱਕਾ ਹੈ, ਜਾਗਰਤ ਅਵਸਥਾ ਵਿੱਚ ਹੁੰਦਿਆਂ ਹੋਇਆਂ ਵੀ ਤੰਦਰੁਸਤ ਮਨ ਵਾਲੇ ਵਿਅਕਤੀ ਦੀ ਜਾਗਰਤ ਅਵਸਥਾ ਨਾਲੋਂ ਵੱਖਰੀ ਸਥਿੱਤੀ ਵਿੱਚ ਹੁੰਦਾ ਹੈ।

ਜਾਗਰਤ ਅਵਸਥਾ ਦੌਰਾਨ ਕੀਤਾ ਗਿਆ ਅਨੁਭਵ ਯਥਾਰਥ ਵੀ ਹੋ ਸਕਦਾ ਹੈ ਤੇ ਭਰਮ ਵਾਲਾ ਵੀ। ਰੱਸੀ ਨੂੰ ਸੱਪ ਸਮਝ ਰਿਹਾ ਵਿਅਕਤੀ ਨਾ ਤਾਂ ਕੋਈ ਸੁਪਨਾ ਵੇਖ ਰਿਹਾ ਹੁੰਦਾ ਹੈ ਤੇ ਨਾ ਹੀ ਗੂੜ੍ਹੀ ਨੀਂਦ ਵਿੱਚ ਹੁੰਦਾ ਹੈ। ਉਹ ਜਾਗ ਰਿਹਾ ਹੈ, ਪਰ ਫਿਰ ਵੀ ਉਸ ਦਾ ਅਨੁਭਵ ਭਰਮ ਹੈ। ਉਹ ਜੋ ਦੇਖ ਰਿਹਾ ਹੈ, ਉਹ ਮਿਥਿਆ ਗਿਆਨ ਹੈ। ਉਹ ਜੋ ਰੱਸੀ ਨੂੰ ਸੱਪ ਸਮਝ ਰਿਹਾ ਹੈ, ਉਹ ਨਿਰਾ ਝੂਠ ਹੈ। ਪਰ, ਉਹ ਵਿਅਕਤੀ ਹੈ ਤਾਂ ਜਾਗਰਤ ਅਵਸਥਾ ਵਿੱਚ ਹੀ।

ਜਦੋਂ ਹੀ ਕਿਸੇ ਤਰ੍ਹਾਂ ਉਸ ਨੂੰ ਸਮਝ ਆ ਜਾਂਦੀ ਹੈ ਕਿ ਉਹ ਰੱਸੀ ਹੈ, ਸੱਪ ਨਹੀਂ, ਉਸ ਦਾ ਮਿਥਿਆ-ਗਿਆਨ ਦੂਰ ਹੋ ਜਾਂਦਾ ਹੈ। ਉਸ ਦਾ ਭਰਮ ਨਸ਼ਟ ਹੋ ਜਾਂਦਾ ਹੈ। ਪਰ, ਅਜੇ ਵੀ ਉਹ ਜਾਗਰਤ ਦੀ ਅਵਸਥਾ ਵਿੱਚ ਹੀ ਹੈ। ਜ਼ਾਹਿਰ ਹੈ ਕਿ ਜਾਗਰਤ ਅਵਸਥਾ ਵਿੱਚ ਭਰਮ ਦੀ ਸਥਿਤੀ ਵੀ ਹੋ ਸਕਦੀ ਹੈ ਤੇ ਯਥਾਰਥ ਦੀ ਵੀ। ਸਪਸ਼ਟ ਹੈ ਕਿ ਜਾਗਰਤ ਅਵਸਥਾ ਦੇ ਕਈ ਭੇਦ ਹੁੰਦੇ ਹਨ।

ਜਾਗਦਿਆਂ ਹੀ ਸੁਪਨਾ ਦੇਖਣ ਨੂੰ ਅੰਗਰੇਜ਼ੀ ਭਾਸ਼ਾ ਵਿੱਚ 'ਡੇ ਡ੍ਰੀਮਿੰਗ' (Day Dreaming) ਆਖਿਆ ਜਾਂਦਾ ਹੈ। 'ਡੇ ਡ੍ਰੀਮਿੰਗ' ਜਾਗਰਤ ਅਵਸਥਾ ਦਾ ਹੀ ਇੱਕ ਅਜਿਹਾ ਪੜਾਅ ਹੈ, ਜਿੱਥੇ ਜਾਗਦਾ ਹੋਇਆ ਮਨੁੱਖ ਆਪਣੇ ਮਨ ਵਿੱਚਲੇ ਫੁਰਨੇ ਦੇ ਪਿੱਛੇ ਲੱਗਾ ਹੋਇਆ ਆਪਣੇ ਆਲੇ-ਦੁਆਲੇ ਦੇ ਅਸਲ ਮਾਹੌਲ ਜਾਂ ਸਥਿੱਤੀ ਤੋਂ ਸਰੋਕਾਰਹੀਣ ਹੋ ਜਾਂਦਾ ਹੈ। ਉਹ ਜਾਗ ਰਿਹਾ ਹੈ, ਸੁੱਤਾ ਨਹੀਂ ਹੈ। ਫਿਰ ਵੀ, ਉਸ ਦੀ ਜਾਗਰਤ ਅਵਸਥਾ ਕਿਸੇ ਸਾਧਾਰਣ ਜਾਗਰਤ ਅਵਸਥਾ ਤੋਂ ਬਹੁਤ ਵੱਖਰੀ ਹੈ।

ਸਾਧਾਰਣ ਮਨੁੱਖ ਜਿਸ ਨੂੰ ਯਥਾਰਥ ਗਿਆਨ ਸਮਝ ਰਿਹਾ ਹੈ, ਉਹ ਵੀ ਭਰਮ ਹੀ ਹੈ। ਸਾਧਾਰਣ ਮਨੁੱਖ ਜਿਸ ਨੂੰ ਜਾਗਰਤ ਅਵਸਥਾ ਸਮਝ ਰਿਹਾ ਹੈ, ਹੋ ਸਕਦਾ ਹੈ ਕਿ ਉਹ ਕਿਸੇ ਨਸ਼ੇ ਦੀ ਹਾਲਤ ਹੀ ਹੋਏ, ਜਿਸ ਨੂੰ ਉਹ ਨਸ਼ਾ ਹੀ ਨਹੀਂ ਸਮਝਦਾ। ਅਵਿਦਿਆਧਾਰੀ ਆਪਣੇ ਆਪ ਨੂੰ ਜਾਗਿਆ ਹੋਇਆ ਸਮਝਦਾ ਹੈ, ਪ੍ਰੰਤੂ ਉਹ ਅਗਿਆਨਤਾ ਦੇ ਨਸ਼ੇ ਵਿੱਚ ਡੁੱਬਿਆ ਹੁੰਦਾ ਹੈ।

ਪੰਡਿਤ ਜਨ ਮਾਤੇ ਪੜਿ ਪੁਰਾਨ ॥
ਜੋਗੀ ਮਾਤੇ ਜੋਗ ਧਿਆਨ ॥
ਸੰਨਿਆਸੀ ਮਾਤੇ ਅਹੰਮੇਵ ॥
ਤਪਸੀ ਮਾਤੇ ਤਪ ਕੈ ਭੇਵ ॥੧॥
ਸਭ ਮਦ ਮਾਤੇ ਕੋਊ ਨ ਜਾਗ ॥
ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ ॥
(੧੧੯੩-੧੧੯੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਇੱਕ ਨੇਤਰਹੀਣ ਵਿਅਕਤੀ ਜਾਗਰਤ ਅਵਸਥਾ ਵਿੱਚ ਹੁੰਦੇ ਹੋਏ ਵੀ ਕਿਸੇ ਵਿਸ਼ੇ ਦੇ ਰੂਪ ਨੂੰ ਗ੍ਰਹਿਣ ਕਰ ਸਕਣ ਤੋਂ ਅਸਮਰਥ ਹੁੰਦਾ ਹੈ। ਉਸ ਦੀ ਜਾਗਰਤ ਅਵਸਥਾ ਇੱਕ ਸੁਜਾਖੇ ਵਿਅਕਤੀ ਦੀ ਜਾਗਰਤ ਅਵਸਥਾ ਤੋਂ ਭਿੰਨ ਹੈ। ਇੱਕ ਬਹਿਰਾ ਵਿਅਕਤੀ ਜਾਗਰਤ ਅਵਸਥਾ ਵਿੱਚ ਹੁੰਦੇ ਹੋਏ ਵੀ ਕਿਸੇ ਵਿਸ਼ੇ ਦੇ ਸ਼ਬਦ ਨੂੰ ਗ੍ਰਹਿਣ ਨਹੀਂ ਕਰ ਸਕਦਾ। ਉਸ ਦੀ ਜਾਗਰਤ ਅਵਸਥਾ ਸੁਣਨ ਦੀ ਯੋਗਤਾ ਰੱਖਣ ਵਾਲੇ ਵਿਅਕਤੀ ਦੀ ਜਾਗਰਤ ਅਵਸਥਾ ਤੋਂ ਭਿੰਨ ਹੈ।

ਸਪਸ਼ਟ ਹੈ ਕਿ ਪ੍ਰਮਾਣਾਂ ਰਾਹੀਂ ਹਾਸਿਲ ਕੀਤਾ ਯਥਾਰਥ ਗਿਆਨ ਵੀ ਜਾਗਰਤ ਅਵਸਥਾ ਵਿੱਚ ਹੀ ਹੁੰਦਾ ਹੈ ਤੇ ਮਿਥਿਆ-ਗਿਆਨ ਵੀ ਜਾਗਰਤ ਅਵਸਥਾ ਵਿੱਚ ਹੀ ਹੁੰਦਾ ਹੈ। ਕੋਈ ਵਿਅਕਤੀ ਜਾਗਰਤ ਅਵਸਥਾ ਵਿੱਚ ਹੈ, ਤਾਂ ਇਸ ਦਾ ਇਹ ਭਾਵ ਬਿਲਕੁਲ ਨਹੀਂ ਕਿ ਉਸ ਨੂੰ ਯਥਾਰਥ ਗਿਆਨ ਵੀ ਪ੍ਰਾਪਤ ਹੈ। ਜਾਗਰਤ ਅਵਸਥਾ ਦੌਰਾਨ ਪ੍ਰਾਪਤ ਹੋਇਆ ਅਨੁਭਵ ਭਰਮ ਵੀ ਹੋ ਸਕਦਾ ਹੈ। ਜਾਗਰਤ ਅਵਸਥਾ ਦੌਰਾਨ ਜਿਸ ਨੂੰ ਸੱਚ ਸਮਝਿਆ ਜਾ ਰਿਹਾ ਹੈ, ਉਹ ਝੂਠ ਵੀ ਹੋ ਸਕਦਾ ਹੈ । ਜਿਸ ਨੂੰ ਅੰਮ੍ਰਿਤ ਸਮਝਿਆ ਜਾ ਰਿਹਾ ਹੈ, ਉਹ ਜ਼ਹਿਰ ਵੀ ਹੋ ਸਕਦਾ ਹੈ।

ਇੱਕਾਗਰਤਾ ਆਰੰਭ

ਮਨ ਇੱਕ ਹੀ ਸਮੇਂ ਦੋ, ਤਿੰਨ, ਚਾਰ, ਪੰਜ ਜਾਂ ਇਸ ਤੋਂ ਵੀ ਜ਼ਿਆਦਾ ਵਿਸ਼ਿਆਂ ਦਾ ਚਿੰਤਨ ਕਰਨ ਦੀ ਸਮਰਥਾ ਰੱਖਦਾ ਹੈ। ਅਜੋਕਾ ਮਨੋ-ਵਿਗਿਆਨ ਵੀ ਇਸ ਗੱਲ ਨਾਲ ਸਹਿਮਤ ਹੈ। ਉਦਾਹਰਣ ਵਜੋਂ, ਇੱਕ ਵਿਅਕਤੀ ਗੱਡੀ ਚਲਾਉਂਦਾ ਹੋਇਆ ਆਪਣੇ ਮੋਬਾਈਲ ਫ਼ੋਨ 'ਤੇ ਕਿਸੇ ਹੋਰ ਵਿਅਕਤੀ ਨਾਲ ਗੱਲ ਵੀ ਕਰਦਾ ਜਾਂਦਾ ਹੈ ਤੇ ਰਾਸਤੇ ਵਿੱਚ ਕਿਸੇ ਚੌਰਾਹੇ 'ਤੇ ਲਾਲ-ਬੱਤੀ ਨੂੰ ਦੇਖ ਕੇ ਰੁੱਕਦਾ ਵੀ ਹੈ ਤੇ ਇਹ ਵੀ ਜਾਣਦਾ ਹੈ ਕਿ ਹਰੀ ਬੱਤੀ ਹੋਣ 'ਤੇ ਕਿਸ ਦਿਸ਼ਾ ਵੱਲ ਜਾਣਾ ਹੈ। ਯਾਤਰਾ ਦੌਰਾਨ ਰਾਹ ਵਿੱਚ ਕਿਸੇ ਜਾਣੂ ਨੂੰ ਦੇਖ ਕੇ ਉਹ ਅਭਿਵਾਦਨ ਦੇ ਤੌਰ 'ਤੇ ਉਸ ਨੂੰ ਦੇਖ ਕੇ ਹੱਥ ਵੀ ਹਿਲਾਉਂਦਾ ਹੈ। ਇੱਕੋ ਹੀ ਸਮੇਂ ਉਹ (੧) ਗੱਡੀ ਚਲਾਉਣ, (੨) ਮੋਬਾਈਲ ਫ਼ੋਨ 'ਤੇ ਗੱਲ ਕਰਨ, (੩) ਲਾਲ-ਬੱਤੀ ਨੂੰ ਦੇਖ ਕੇ ਰੁੱਕਣ, (੪) ਜਾਣਕਾਰ ਨੂੰ ਦੇਖ ਕੇ ਹੱਥ ਹਿਲਾਉਣ ਦੇ ਕਰਮ ਵੀ ਕਰਦਾ ਜਾਂਦਾ ਹੈ। ਅਜਿਹਾ ਇਸ ਲਈ ਸੰਭਵ ਹੈ ਕਿ ਮਨ ਇੱਕ ਹੀ ਸਮੇਂ ਇੱਕ ਤੋਂ ਜ਼ਿਆਦਾ ਵਿਸ਼ਿਆਂ ਦਾ ਚਿੰਤਨ ਕਰਨ ਦੀ ਸਮਰਥਾ ਰੱਖਦਾ ਹੈ।

ਮਨ ਦਾ ਇਸ ਪ੍ਰਕਾਰ ਇੱਕ ਹੀ ਸਮੇਂ ਵੱਖ-ਵੱਖ ਵਿਸ਼ਿਆਂ ਵਿੱਚ ਪ੍ਰਵਿਰਤ ਹੋਣ ਨਾਲ ਉਸ ਦੀ ਇਹ ਆਦਤ ਹੀ ਬਣ ਹੀ ਜਾਂਦੀ ਹੈ ਕਿ ਉਹ ਹਮੇਸ਼ਾ ਹੀ ਇੱਕੋ ਸਮੇਂ ਇੱਕ ਤੋਂ ਜ਼ਿਆਦਾ ਵਿਸ਼ਿਆਂ ਦਾ ਚਿੰਤਨ ਕਰਦਾ ਰਹਿੰਦਾ ਹੈ। ਇਹ ਆਦਤ ਉਸ ਸਮੇਂ ਇੱਕ ਵੱਡੀ ਸਮੱਸਿਆ ਬਣ ਜਾਂਦਾ ਹੈ, ਜਦੋਂ ਉਸ ਨੂੰ ਇੱਕਾਗਰਤਾ (ਸਿਰਫ਼ ਇੱਕ ਹੀ ਵਿਸ਼ੇ ਵੱਲ ਧਿਆਨ ਹੋਣ) ਦੀ ਸਖ਼ਤ ਜ਼ਰੂਰਤ ਹੁੰਦੀ ਹੈ। ਕਿਸੇ ਇੱਕ ਸਮੱਸਿਆ ਨੂੰ ਹੱਲ ਕਰਦਿਆਂ ਉਹ ਕਿਸੇ ਦੂਜੀ ਸਮੱਸਿਆ ਦਾ ਵੀ ਚਿੰਤਨ ਕਰਨਾ ਸ਼ੁਰੂ ਕਰ ਦਿੰਦਾ ਹੈ ਤੇ ਇੰਝ ਉਸ ਦੀ ਚਿੰਤਨ-ਸ਼ਕਤੀ ਵੰਡੀ ਜਾਂਦੀ ਹੈ। ਕਿਸੇ ਦੂਜੀ, ਤੀਜੀ ਤੇ ਚੌਥੀ ਸਮੱਸਿਆ ਬਾਰੇ ਵੀ ਚਿੰਤਨ ਕਰਦਿਆਂ ਉਹ ਪਹਿਲੀ ਸਮੱਸਿਆ ਬਾਰੇ ਚਿੰਤਨ ਸਹੀ ਢੰਗ ਨਾਲ ਨਹੀਂ ਕਰ ਪਾਉਂਦਾ ।

ਜਾਗਰਤ ਅਵਸਥਾ ਦੇ ਵੱਖ-ਵੱਖ ਪੜਾਵਾਂ ਦੌਰਾਨ ਮਨ ਇੱਕ ਹੀ ਸਮੇਂ ਵੱਖ-ਵੱਖ ਵਿਸ਼ਿਆਂ ਦਾ ਚਿੰਤਨ ਕਰਦਾ ਹੁੰਦਾ ਹੈ। ਮਨ ਦਾ ਅਜਿਹਾ ਕਰਨਾ ਜਾਗਰਤ ਅਵਸਥਾ ਦਾ ਸੁਭਾਵਕ ਗੁਣ ਹੈ।

ਜਦੋਂ ਮਨ ਕਿਸੇ ਇੱਕ ਹੀ ਵਿਸ਼ੇ ਦਾ ਖ਼ਾਸ ਤੌਰ 'ਤੇ ਚਿੰਤਨ ਕਰੇ, ਤੇ ਕਿਸੇ ਹੋਰ ਦੂਜੇ ਵਿਸ਼ੇ ਦਾ ਖ਼ਿਆਲ ਮਨ ਵਿੱਚਲੇ ਪਹਿਲੇ ਵਿਸ਼ੇ ਦੇ ਚਿੰਤਨ ਵਿੱਚ ਰੁਕਾਵਟ ਨਾ ਪਾਏ, ਤਾਂ ਇਹ ਇੱਕਾਗਰਤਾ ਦੇ ਆਰੰਭ ਦੀ ਅਵਸਥਾ ਹੈ। ਚਿੱਤ ਦੀ ਅਜਿਹੀ ਅਵਸਥਾ ਨੂੰ ਕਈ ਵਾਰ ਜਾਗਰਤ ਦੀ ਅਵਸਥਾ ਨਾਲੋਂ ਵੱਖਰਾ ਵੀ ਮੰਨ ਲਿਆ ਜਾਂਦਾ ਹੈ। ਇੱਕ ਸਾਧਾਰਣ ਜਾਗਰਤ ਅਵਸਥਾ ਵਾਲੇ ਵਿਅਕਤੀ ਨਾਲੋਂ ਇੱਕਾਗਰਤਾ ਆਰੰਭ ਦੀ ਅਵਸਥਾ ਵਾਲਾ ਵਿਅਕਤੀ ਜ਼ਿਆਦਾ ਸਫਲ ਹੈ ।

ਇਸ ਤਰ੍ਹਾਂ, ਜਾਗਰਤ ਦੀ ਅਵਸਥਾ ਦੇ ਕਈ ਭੇਦ ਹੁੰਦੇ ਹਨ।

ਜਾਗੈ ਸੁਕਦੇਉ ਅਰੁ ਅਕੂਰੁ ॥
ਹਣਵੰਤੁ ਜਾਗੈ ਧਰਿ ਲੰਕੂਰੁ ॥
ਸੰਕਰੁ ਜਾਗੈ ਚਰਨ ਸੇਵ ॥
ਕਲਿ ਜਾਗੇ ਨਾਮਾ ਜੈਦੇਵ ॥੨॥
ਜਾਗਤ ਸੋਵਤ ਬਹੁ ਪ੍ਰਕਾਰ ॥
ਗੁਰਮੁਖਿ ਜਾਗੈ ਸੋਈ ਸਾਰੁ ॥
ਇਸੁ ਦੇਹੀ ਕੇ ਅਧਿਕ ਕਾਮ ॥
ਕਹਿ ਕਬੀਰ ਭਜਿ ਰਾਮ ਨਾਮ ॥੩॥੨॥
(੧੧੯੩-੧੧੯੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

੨. ਸੁਪਨਾ

ਨੀਂਦ ਦੌਰਾਨ ਚਿੱਤ ਵਿੱਚ ਕਿਸੇ ਪ੍ਰਕਾਰ ਦੀ ਕੋਈ ਤਰੰਗ ਨਹੀਂ ਉੱਠ ਰਹੀ ਹੁੰਦੀ। ਸਤੋਗੁਣ ਦੱਬਿਆ ਹੋਇਆ ਹੁੰਦਾ ਹੈ। ਚਿੱਤ ਉੱਤੇ ਤਮੋਗੁਣ ਦੀ ਬਹੁਲਤਾ ਹੁੰਦੀ ਹੈ। ਜੇ ਇਹ ਤਮੋਗੁਣ, ਰਜੋਗੁਣ ਨੂੰ ਇੰਨਾ-ਕੁ ਦਬਾ ਲਏ, ਜਿਸ ਨਾਲ ਇਹ ਚਿੱਤ ਨੂੰ ਗਿਆਨ-ਇੰਦਰੀਆਂ ਰਾਹੀਂ ਬਾਹਰੀ ਵਿਸ਼ਿਆਂ ਨਾਲ ਜੁੜਨ ਤੋਂ ਤਾਂ ਰੋਕ ਲਏ, ਪਰ ਫਿਰ ਵੀ ਰਜੋਗੁਣ ਦੀ ਕਿਰਿਆ ਸੂਖਮ ਰੂਪ ਨਾਲ ਹੁੰਦੀ ਰਹੇ, ਤਾਂ ਰਜੋਗੁਣ ਦੀ ਇਹ ਸੂਖਮ ਕਿਰਿਆ ਮਨ ਨੂੰ ਕੁੱਝ ਹੱਦ ਤਕ ਜਗਾ ਦਿੰਦੀ ਹੈ। ਕੁੱਝ-ਕੁੱਝ ਜਾਗਿਆ ਹੋਇਆ ਮਨ ਸਮ੍ਰਿਤੀ (ਯਾਦਦਾਸ਼ਤ) ਦੇ ਸੰਸਕਾਰਾਂ ਦਾ ਸਹਾਰਾ ਲੈ ਕੇ ਇੱਕ ਅਜਿਹੀ ਵ੍ਰਿਤੀ ਧਾਰ ਲੈਂਦਾ ਹੈ, ਜੋ ਮਿੱਥਿਆ ਗਿਆਨ ਹੀ ਹੁੰਦੀ ਹੈ। ਇਹ ਸੁਪਨੇ ਦੀ ਅਵਸਥਾ ਹੈ।

੩. ਨੀਂਦ

ਨੀਂਦ ਦੀ ਅਵਸਥਾ ਚਿੱਤ ਦੀਆਂ ਤਿੰਨ ਵ੍ਰਿਤੀਆਂ ਪ੍ਰਮਾਣ, ਮਿਥਿਆ-ਗਿਆਨ ਤੇ ਸਮ੍ਰਿਤੀ) ਤੋਂ ਰਹਿਤ ਹੁੰਦੀ ਹੈ। ਇਨ੍ਹਾਂ ਤਿੰਨ ਚਿੱਤ-ਵ੍ਰਿਤੀਆਂ (ਪ੍ਰਮਾਣ, ਮਿਥਿਆ-ਗਿਆਨ ਤੇ ਸਮ੍ਰਿਤੀ) ਦਾ ਸੰਬੰਧ ਜਾਗਰਤ ਅਵਸਥਾ ਨਾਲ ਹੈ। ਮਿੱਥਿਆ-ਗਿਆਨ ਦੀ ਚਿੱਤ-ਵ੍ਰਿਤੀ ਸੁਪਨੇ (ਸ੍ਵਪਨ, dream) ਦੀ ਅਵਸਥਾ ਵਿੱਚ ਵੀ ਹੁੰਦੀ ਹੈ।

ਨੀਂਦ ਦੀ ਅਵਸਥਾ ਨੂੰ ਦੋ ਮੁੱਖ ਉਪ-ਅਵਸਥਾਵਾਂ ਵਿੱਚ ਵੰਡਿਆ ਜਾ ਸਕਦਾ ਹੈ: -

੧. ਸਾਧਾਰਣ ਨੀਂਦ,
੨. ਨੀਂਦ ਦੀ ਪ੍ਰਲੈ ਅਵਸਥਾ।

ਸਾਧਾਰਣ ਨੀਂਦ

ਅਭਾਵ ਦੀ ਉਹ ਅਵਸਥਾ, ਜਦੋਂ ਚਿੱਤ ਪ੍ਰਮਾਣ, ਮਿਥਿਆ-ਗਿਆਨ ਤੇ ਸਮ੍ਰਿਤੀ ਦੀਆਂ ਵ੍ਰਿਤੀਆਂ ਤੋਂ ਰਹਿਤ ਹੈ, ਨੀਂਦ ਅਖਵਾਉਂਦੀ ਹੈ।

ਆਚਾਰੀਆ ਪਤੰਜਲੀ ਜੀ ਯੋਗਸੂਤ੍ਰ ਵਿੱਚ ਲਿੱਖਦੇ ਹਨ: -

अभावप्रत्ययालम्बना वृतिर्निद्रा ॥ (१०, समाधिपाद, योगसूत्र)।

ਅਭਾਵਪ੍ਰਤਯਯਾਲੰਬਨਾ ਵ੍ਰਿਤਿਰਨਿਦ੍ਰਾ ॥ (੧੦, ਸਮਾਧੀਪਾਦ, ਯੋਗਸੂਤ੍ਰ)।

ਨੀਂਦ ਦੌਰਾਨ ਚਿੱਤ ਵਿੱਚ ਕਿਸੇ ਪ੍ਰਕਾਰ ਦੀ ਕੋਈ ਤਰੰਗ ਨਹੀਂ ਉੱਠ ਰਹੀ ਹੁੰਦੀ। ਚਿੱਤ ਉੱਤੇ ਤਮੋਗੁਣ ਦੀ ਬਹੁਲਤਾ ਹੁੰਦੀ ਹੈ। ਉੱਪਰ ਚਿੱਤ ਦੀਆਂ ਜਿਨ੍ਹਾਂ ਵ੍ਰਿਤੀਆਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿੱਚ ਨੀਂਦ ਦਾ ਵੀ ਜ਼ਿਕਰ ਕੀਤਾ ਗਿਆ ਹੈ। ਜਦੋਂ ਚਿੱਤ ਦੀਆਂ ਸਾਧਾਰਣ ਤਿੰਨ ਅਵਸਥਾਵਾਂ ਦਾ ਜ਼ਿਕਰ ਕੀਤਾ ਜਾਂਦਾ ਹੈ, ਉਦੋਂ ਜਾਗਰਤ ਤੇ ਸੁਪਨੇ ਦੀ ਅਵਸਥਾ ਦੇ ਨਾਲ ਤੀਜੀ ਅਵਸਥਾ ਨੀਂਦ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ।

ਨੀਂਦ ਦੀ ਪ੍ਰਲੈ ਅਵਸਥਾ

ਪ੍ਰਲੈ ਅਵਸਥਾ ਨੂੰ ਨੀਂਦ ਦੀ ਬਹੁਤ ਡੂੰਘੀ ਅਵਸਥਾ ਵੀ ਸਮਝਿਆ ਜਾ ਸਕਦਾ ਹੈ ਤੇ ਬੇਹੋਸ਼ੀ ਦੀ ਹਾਲਤ ਵੀ। ਇਸ ਨੂੰ ਇੱਥੇ ਸਾਧਾਰਣ ਨੀਂਦ ਨਾਲੋਂ ਵੱਖਰਾ ਬਿਆਨ ਕੀਤਾ ਗਿਆ ਹੈ, ਕਿਉਂਕਿ ਇਹ ਸਾਧਾਰਣ ਨੀਂਦ ਦੀ ਅਵਸਥਾ ਨਾਲੋਂ ਭਿੰਨ ਹੀ ਹੈ।

ਸਾਧਾਰਣ ਨੀਂਦ ਦੀ ਅਵਸਥਾ ਵਿੱਚ ਚੇਤਨਤਾ ਭਾਵੇਂ ਲੁਪਤ ਤਾਂ ਹੋ ਚੁੱਕੀ ਹੁੰਦੀ ਹੈ, ਪਰ ਜਦੋਂ ਹੀ ਸੁੱਤੇ ਹੋਏ ਵਿਅਕਤੀ ਨੂੰ ਛੂਹ ਕੇ ਜਾਂ ਆਵਾਜ਼ ਮਾਰ ਕੇ ਬੁਲਾਇਆ ਜਾਂਦਾ ਹੈ, ਤਾਂ ਉਹ ਫ਼ੌਰਨ ਜਾਗਰਤ ਅਵਸਥਾ ਵਿੱਚ ਆ ਜਾਂਦਾ ਹੈ। ਪ੍ਰਲੈ ਅਵਸਥਾ ਉਹ ਅਵਸਥਾ ਹੈ, ਜਦੋਂ ਉਹ ਛੋਹਣ ਜਾਂ ਬੁਲਾਉਣ ਨਾਲ ਵੀ ਜਾਗਦਾ ਨਹੀਂ ਹੈ। ਇਹ ਸਾਧਾਰਣ ਨੀਂਦ ਨਾਲੋਂ ਵੱਖਰੀ ਅਵਸਥਾ ਹੈ । ਸਾਧਾਰਣ ਨੀਂਦ ਵਿੱਚ ਵੀ ਤਮੋਗੁਣ ਦੀ ਬਹੁਲਤਾ ਹੁੰਦੀ ਹੈ, ਪਰ ਪ੍ਰਲੈ ਅਵਸਥਾ ਵਿੱਚ ਤਮੋਗੁਣ ਦਾ ਪ੍ਰਭਾਵ ਜ਼ਿਆਦਾ ਅਸਰਦਾਇਕ ਹੁੰਦਾ ਹੈ। ਨੀਂਦ ਦੀ ਤਮੋਗੁਣੀ ਅਵਸਥਾ ਨੂੰ ਰਜੋਗੁਣ ਆਸਾਨੀ ਨਾਲ ਤੋੜ ਲੈਂਦਾ ਹੈ, ਪਰ ਪ੍ਰਲੈ ਅਵਸਥਾ ਵਿੱਚਲੇ ਤਮੋਗੁਣ ਦੇ ਪ੍ਰਭਾਵ ਨੂੰ ਤੋੜਨ ਲਈ ਰਜੋਗੁਣ ਨੂੰ ਜ਼ਿਆਦਾ ਜ਼ੋਰ-ਆਜ਼ਮਾਈ ਕਰਨੀ ਪੈਂਦੀ ਹੈ। ਸਾਧਾਰਣ ਅਭਿਆਸੀ ਵਿਅਕਤੀ ਵੀ ਸਾਧਾਰਣ ਨੀਂਦ ਤੇ ਨੀਂਦ ਦੀ ਪ੍ਰਲੈ ਅਵਸਥਾ ਵਿੱਚਲੇ ਅੰਤਰ ਨੂੰ ਆਸਾਨੀ ਨਾਲ ਮਹਿਸੂਸ ਕਰ ਲੈਂਦਾ ਹੈ।

੪. ਸਮਾਧੀ

ਸਾਧਾਰਣ ਵਿਆਖਿਆ ਅਨੁਸਾਰ ਸਮਾਧੀ ਚਿੱਤ ਦੀ ਉਹ ਅਵਸਥਾ ਹੈ, ਜਦੋਂ ਮਨ ਕਿਸੇ ਇੱਕ ਹੀ ਵਿਸ਼ੇ ਦਾ ਚਿੰਤਨ ਕਰਦਾ-ਕਰਦਾ ਬਾਕੀ ਸਭ ਵਿਸ਼ਿਆਂ ਨੂੰ ਭੁਲਾ ਦਏ। ਇੱਥੇ ਮਨ (ਜਾਂ ਅੰਤਹਕਰਣ) ਤੋਂ ਇਲਾਵਾ ਸਿਰਫ਼ ਉਹ ਵਿਸ਼ਾ ਹੀ ਬਾਕੀ ਰਹਿੰਦਾ ਹੈ, ਜਿਸ ਦਾ ਚਿੰਤਨ ਮਨ ਕਰ ਰਿਹਾ ਹੈ। ਇੱਕ ਦਰਸ਼ਕ (ਮਨ) ਹੈ ਤੇ ਦੂਜਾ ਦ੍ਰਿਸ਼ (ਵਿਸ਼ਾ)। ਇਹ ਸਾਧਾਰਣ ਸਮਾਧੀ ਦੀ ਅਵਸਥਾ ਹੈ।

ਪਰ, ਸਮਾਧੀ ਦੀਆਂ ਇਸ ਤੋਂ ਇਲਾਵਾ ਹੋਰ ਵੀ ਅਵਸਥਾਵਾਂ ਹਨ, ਜੋ ਇੱਕ ਦੂਜੇ ਤੋਂ ਬਹੁਤ ਭਿੰਨ ਹਨ। ਇਨ੍ਹਾਂ ਦਾ ਵਿਸਥਾਰ ਪੂਰਵਕ ਵਰਣਨ ਅਗਲੇ ਅਧਿਆਇ ਵਿੱਚ ਕੀਤਾ ਜਾਏਗਾ।

ਚਿੱਤ ਦਾ ਨਿਰਮਾਣ

ਚਿੱਤ ਕਿਵੇਂ ਬਣਦਾ ਹੈ?

ਆਮ ਵਿਅਕਤੀ ਲਈ ਕਿਸੇ ਦੇ ਚਿੱਤ ਤੋਂ ਭਾਵ ਉਸ ਦਾ ਸੁਭਾਅ ਹੀ ਹੁੰਦਾ ਹੈ। ਕਿਸੇ ਵੀ ਵਿਅਕਤੀ ਦਾ ਸੁਭਾਅ ਬਣਾਉਣ ਪਿੱਛੇ ਬਹੁਤ ਸਾਰੇ ਕਾਰਣ ਹੁੰਦੇ ਹਨ। ਇਹ ਸਾਰੇ ਕਾਰਣ ਮਿਲ ਕੇ ਚਿੱਤ ਦੀ ਇੱਕ ਖ਼ਾਸ ਅਵਸਥਾ ਬਣਾ ਦਿੰਦੇ ਹਨ ਤੇ ਫਿਰ ਚਿੱਤ ਆਪਣੀ ਉਸ ਬਣੀ ਹੋਈ ਅਵਸਥਾ ਅਨੁਸਾਰ ਹੀ ਕੰਮ ਕਰਦਾ ਰਹਿੰਦਾ ਹੈ। ਚਿੱਤ ਦੀ ਇਹ ਅਵਸਥਾ ਹਮੇਸ਼ਾ ਇੱਕੋ ਜਿਹੀ ਵੀ ਨਹੀਂ ਰਹਿੰਦੀ। ਜਿਵੇਂ ਜਿਵੇਂ ਚਿੱਤ ਦੀ ਬਣਤਰ ਲਈ ਜ਼ਿੰਮੇਵਾਰ ਕਾਰਣ ਬਦਲਦੇ ਰਹਿੰਦੇ ਹਨ, ਚਿੱਤ ਦੀ ਬਣਤਰ ਵੀ ਬਦਲਦੀ ਰਹਿੰਦੀ ਹੈ। ਇਸੇ ਨੂੰ ਹੀ ਆਮ ਬੋਲਚਾਲ ਵਿੱਚ 'ਸੁਭਾਅ ਬਦਲ ਜਾਣਾ' ਆਖ ਦਿੱਤਾ ਜਾਂਦਾ ਹੈ। ਇਹ ਸੁਭਾਅ ਚਿੱਤ ਦੇ ਸੰਸਕਾਰਾਂ ਉੱਤੇ ਨਿਰਭਰ ਕਰਦਾ ਹੈ। ਹਰ ਜੀਵ ਇਨ੍ਹਾਂ ਸੰਸਕਾਰਾਂ ਜਾਂ ਸੁਭਾਅ ਅਨੁਸਾਰ ਹੀ ਕੰਮ ਕਰਦਾ ਹੈ।

> न कर्ता कस्यचित कश्चिन्नियोगे नापि चेश्वर:।
> स्वभावे वर्तते लोकस्तस्य काल: परायणम॥५॥
> न काल: कालमत्येति न काल: परिहियते।
> स्वभावम च समासाद्य न कश्चिदतिवर्तते॥६॥
> (श्री राम द्वारा उपदेश, सर्ग २५, किष्किंधा काण्ड, वाल्मीकि जी रचित रामायण)।

> ਕੋਈ ਵੀ ਵਿਅਕਤੀ ਨਾ ਤਾਂ ਸੁਤੰਤਰਤਾਪੂਰਵਕ ਕਿਸੀ ਕੰਮ ਨੂੰ ਕਰ ਸਕਦਾ ਹੈ ਤੇ ਨਾ ਕਿਸੀ ਦੂਜੇ ਨੂੰ ਉਸ ਕੰਮ ਵਿੱਚ ਲਗਾਉਣ ਦੀ ਸਮਰੱਥਾ ਰੱਖਦਾ ਹੈ।
> ਸਾਰਾ ਜਗਤ ਸੁਭਾਅ ਦੇ ਅਧੀਨ ਹੈ ਤੇ ਸੁਭਾਅ ਦਾ ਆਧਾਰ ਕਾਲ ਹੈ।੫। ਕਾਲ ਵੀ ਕਾਲ ਦਾ ਉਲੰਘਣ ਨਹੀਂ ਕਰ ਸਕਦਾ। ਉਹ ਕਾਲ ਕਦੇ ਕਮਜ਼ੋਰ
> ਨਹੀਂ ਹੁੰਦਾ ਹੈ। ਸੁਭਾਅ ਪ੍ਰਾਪਤ ਕਰ ਕੇ ਕੋਈ ਵੀ ਉਸ ਦਾ ਉਲੰਘਣ ਨਹੀਂ ਕਰਦਾ।੬।
> (ਸ੍ਰੀ ਰਾਮ ਵੱਲੋਂ ਉਪਦੇਸ਼, ਸਰਗ ੨੫, ਕਿਸ਼ਕਿੰਧਾ ਕਾਂਡ, ਵਾਲਮੀਕੀ ਜੀ ਰਚਿਤ ਰਾਮਾਇਣ)।

ਜਨਮ ਤੋਂ ਪ੍ਰਾਪਤ ਚਿੱਤ

ਜਦੋਂ ਕੋਈ ਵਿਅਕਤੀ ਪੈਦਾ ਹੁੰਦਾ ਹੈ, ਉਸ ਨੂੰ ਚਿੱਤ ਵੀ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਜਨਮ ਸਮੇਂ ਹੀ ਨਹੀਂ ਬਣਦਾ, ਬਲਕਿ ਪਿੱਛਲੇ ਕਈ ਜਨਮਾਂ ਦੇ ਸੰਸਕਾਰਾਂ ਨਾਲ ਇਸ ਦਾ ਨਿਰਮਾਣ ਹੋਇਆ ਹੁੰਦਾ ਹੈ। ਪਿੱਛਲੇ ਜਨਮਾਂ ਦੇ ਸੰਸਕਾਰ ਇਸ ਜਨਮ ਵਿੱਚ ਵੀ ਚਿੱਤ ਵਿੱਚ ਮੌਜੂਦ ਹੁੰਦੇ ਹਨ।

ਕਈ ਵਾਰ ਅਜਿਹਾ ਦੇਖਣ ਵਿੱਚ ਆਉਂਦਾ ਹੈ ਕਿ ਬਹੁਤ ਹੀ ਛੋਟੀ ਉਮਰ ਵਿੱਚ ਕੋਈ ਬੱਚਾ ਕਿਸੀ ਵਿਦਿਆ ਦਾ ਅਜਿਹਾ ਜਾਣਕਾਰ ਹੋ ਜਾਂਦਾ ਹੈ, ਜੋ ਵੱਡੀ ਉਮਰ ਵਾਲਾ ਵਿਦਿਆਰਥੀ ਵੀ ਨਹੀਂ ਜਾਣਦਾ ਹੁੰਦਾ । ਅਜਿਹਾ ਦੇਖਣ ਵਿੱਚ ਆਇਆ ਹੈ ਕਿ ਸੱਤ ਜਾਂ ਅੱਠ ਸਾਲ ਦੀ ਉਮਰ ਦਾ ਕੋਈ ਬੱਚਾ ਸ਼ਾਸਤਰੀ ਗਾਇਕੀ ਦਾ ਮਾਹਿਰ ਹੋ ਜਾਂਦਾ ਹੈ, ਜਦਕਿ ਅਜਿਹੀ ਮੁਹਾਰਤ ਪ੍ਰਾਪਤ ਕਰਨ ਲਈ ਕਿਸੇ ਆਮ ਵਿਅਕਤੀ ਨੂੰ ੧੦-੧੨ ਸਾਲ ਲੱਗ ਜਾਂਦੇ ਹਨ। ਅਜਿਹਾ ਉਸ ਬੱਚੇ ਦੇ ਪਿੱਛਲੇ ਜਨਮ ਦੇ ਸੰਸਕਾਰਾਂ ਕਾਰਣ ਹੁੰਦਾ ਹੈ, ਜੋ ਇਸ ਜਨਮ ਵਿੱਚ ਵੀ ਉਸ ਦੇ ਚਿੱਤ ਵਿੱਚ ਮੌਜੂਦ ਹੁੰਦੇ ਹਨ।

ਜਨਮ ਤੋਂ ਪ੍ਰਾਪਤ ਚਿੱਤ ਵਿੱਚ ਕਈ ਸੰਸਕਾਰ ਜਨਮ ਤੋਂ ਵੀ ਪਹਿਲਾਂ ਤੋਂ ਹੀ ਮੌਜੂਦ ਹੁੰਦੇ ਹਨ। ਇਸ ਤੋਂ ਇਲਾਵਾ, ਬਹੁਤ ਸਾਰੇ ਸੰਸਕਾਰ ਇਸ ਜਨਮ ਵਿੱਚ ਵੀ ਪ੍ਰਾਪਤ ਕੀਤੇ ਜਾਂਦੇ ਹਨ। ਇਹ ਸਾਰੇ ਸੰਸਕਾਰ ਮਿਲ ਕੇ ਹੀ ਇਸ ਚਿੱਤ ਦਾ ਪੂਰਣ ਨਿਰਮਾਣ ਕਰਦੇ ਹਨ । ਕਿਸੇ ਸਾਧਾਰਣ ਜੀਵ ਦੇ ਚਿੱਤ ਦੇ ਸੰਸਕਾਰ ਬਣਾਉਣ ਵਿੱਚ ਕਈ ਤੱਥ ਆਪਣਾ ਯੋਗਦਾਨ ਪਾਉਂਦੇ ਹਨ : -

੧. ਪਿੱਛਲੇ ਜਨਮਾਂ ਦੇ ਸੰਸਕਾਰ,
੨. ਮਾਂ-ਬਾਪ ਆਦਿ ਤੋਂ ਪ੍ਰਾਪਤ ਸੰਸਕਾਰ,
੩. ਇਸ ਜਨਮ ਦੇ ਆਪਣੇ ਕਰਮਾਂ ਦੇ ਸੰਸਕਾਰ ।

੧. ਪਿੱਛਲੇ ਜਨਮਾਂ ਦੇ ਸੰਸਕਾਰ

ਕੋਈ ਕਰਮ ਵਾਰ-ਵਾਰ ਕਰਨ ਨਾਲ ਚਿੱਤ ਉੱਤੇ ਬਹੁਤ ਲੰਬੇ ਸਮੇਂ ਤਕ ਰਹਿਣ ਵਾਲੇ ਨਿਸ਼ਾਨ ਪੈ ਜਾਂਦੇ ਹਨ, ਜੋ ਉਸ ਦੇ ਸੁਭਾਅ ਦਾ ਹਿੱਸੇ ਵੱਜੋਂ ਉਭਰਦੇ ਹਨ। ਇਹ ਸੁਭਾਅ ਹੀ ਉਸ ਨੂੰ ਉਹ ਕਰਮ ਮੁੜ-ਮੁੜ ਕਰਨ ਲਈ ਉਕਸਾਉਂਦਾ ਰਹਿੰਦਾ ਹੈ। ਇਸੇ ਨੂੰ ਸੰਸਕਾਰ ਆਖਦੇ ਹਨ।

ਉਦਾਹਰਣ ਵਜੋਂ, ਕੋਈ ਵਿਅਕਤੀ ਵਾਰ-ਵਾਰ ਚੋਰੀ ਦਾ ਕਰਮ ਕਰਦਾ ਹੈ। ਵਾਰ-ਵਾਰ ਚੋਰੀ ਕਰਨ ਨਾਲ ਇਸ ਕਰਮ ਦੇ ਸੰਸਕਾਰ ਉਸ ਦੇ ਚਿੱਤ ਉੱਤੇ ਪੈ ਜਾਂਦੇ ਹਨ, ਭਾਵ ਉਸ ਦਾ ਉਹ ਸੁਭਾਅ ਹੀ ਬਣ ਜਾਂਦਾ ਹੈ। ਇਹ ਸੁਭਾਅ ਹੀ ਅਣਜਾਣੇ ਵਿੱਚ ਵੀ ਉਸ ਨੂੰ ਚੋਰੀ ਕਰਨ ਲਈ ਪ੍ਰੇਰਿਤ ਕਰਦਾ ਰਹਿੰਦਾ ਹੈ। ਉਸ ਨੂੰ ਕਿਸੇ ਵਸਤੂ ਦੀ ਲੋੜ ਨਾ ਵੀ ਹੋਵੇ, ਤਾਂ ਵੀ ਉਹ ਆਪਣੇ ਸੁਭਾਅ ਤੋਂ ਮਜਬੂਰ ਹੋਇਆ ਉਸ ਵਸਤੂ ਨੂੰ ਚੁਰਾ ਹੀ ਲਏਗਾ।

ਕੋਈ ਮਹਾਂਦਾਨੀ ਵਿਅਕਤੀ ਵਾਰ-ਵਾਰ ਦਾਨ ਕਰਦਾ ਹੈ। ਵਾਰ-ਵਾਰ ਦਾਨ ਕਰਨ ਨਾਲ ਉਸ ਦੇ ਚਿੱਤ ਉੱਤੇ ਦਾਨ ਕਰਨ ਦੇ ਸੰਸਕਾਰ ਪੈ ਜਾਂਦੇ ਹਨ। ਜੇ ਕਦੇ ਜ਼ਿੰਦਗੀ ਵਿੱਚ ਅਜਿਹੇ ਵਿਅਕਤੀ ਨੂੰ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪੈ ਜਾਏ, ਤਾਂ ਵੀ ਉਹ ਕਸ਼ਟ ਸਹਿ-ਸਹਿ ਕੇ ਹੀ ਸਹੀ, ਕੁੱਝ ਨਾ ਕੁੱਝ ਦਾਨ ਜ਼ਰੂਰ ਕਰਦਾ ਰਹੇਗਾ। ਉਸ ਦੇ ਸੰਸਕਾਰ ਉਸ ਤੋਂ ਦਾਨ ਕਰਵਾਉਂਦੇ ਹੀ ਰਹਿਣਗੇ।

ਅਜਿਹੇ ਸੰਸਕਾਰ ਸਿਰਫ਼ ਇਸ ਜਨਮ ਤੱਕ ਹੀ ਸੀਮਤ ਨਹੀਂ ਰਹਿੰਦੇ, ਸਗੋਂ ਇਨ੍ਹਾਂ ਦਾ ਪ੍ਰਭਾਵ ਅਗਲੇ ਜਨਮਾਂ ਵਿੱਚ ਵੀ ਪੈਂਦਾ ਰਹਿੰਦਾ ਹੈ। ਇਸ ਜਨਮ ਵਿੱਚ ਜੀਵ ਦੇ ਕਈ ਕਰਮ ਉਸ ਦੇ ਪਿੱਛਲੇ ਜਨਮਾਂ ਦੇ ਸੰਸਕਾਰਾਂ ਕਾਰਣ ਹੀ ਹੁੰਦੇ ਹਨ।

੨. ਮਾਂ-ਬਾਪ ਆਦਿ ਤੋਂ ਪ੍ਰਾਪਤ ਸੰਸਕਾਰ

ਕੁੱਝ ਸੰਸਕਾਰ ਮਾਂ-ਪਿਉ ਤੇ ਪਰਿਵਾਰ, ਸੰਪਰਦਾਇ/ਮਜ਼ਹਬ/ਪੰਥ ਤੇ ਸੰਗਤ ਤੋਂ ਵੀ ਪ੍ਰਾਪਤ ਹੁੰਦੇ ਹਨ। ਕੋਈ ਬੱਚਾ ਆਪਣੇ ਮਾਂ-ਪਿਉ ਤੇ ਪਰਿਵਾਰ ਦੇ ਹੋਰ ਜੀਆਂ ਨੂੰ ਜੋ ਕਰਮ ਕਰਦਾ ਦੇਖਦਾ ਹੈ, ਉਸ ਨੂੰ ਸਹੀ ਜਾਂ ਜਾਇਜ਼ ਸਮਝਣ ਲੱਗ ਜਾਂਦਾ ਹੈ। ਇੱਕ ਵੇਸਵਾ ਦੇ ਘਰ ਪੈਦਾ ਹੋਈ ਕੁੜੀ ਆਪਣੀ ਹੋਸ਼ ਸੰਭਾਲਣ ਦੇ ਸਮੇਂ ਤੋਂ ਹੀ ਜਿਸ ਮਾਹੌਲ ਤੇ ਕਰਮਾਂ ਨੂੰ ਦੇਖਦੀ ਹੈ, ਉਸ ਨੂੰ ਉਹ ਜਾਇਜ਼ ਸਮਝਣ ਲੱਗ ਜਾਂਦੀ ਹੈ। ਉਹ ਕੁੜੀ ਇਹ ਸੋਚ ਵੀ ਨਹੀਂ ਸਕਦੀ ਕਿ ਵੇਸਵਾਪੁਣਾ ਕੋਈ ਪਾਪ ਦਾ ਕੰਮ ਹੈ। ਚੋਰ ਦਾ ਪੁੱਤਰ ਚੋਰੀ ਨੂੰ ਸੁਭਾਵਕ ਤੌਰ 'ਤੇ ਹੀ ਹੋਰਨਾਂ ਰੋਜ਼ਗਾਰਾਂ ਵਾਂਗ ਰੋਜ਼ਗਾਰ ਦਾ ਹੀ ਇੱਕ ਜਾਇਜ਼ ਸਾਧਨ ਸਮਝਣ ਲੱਗਦਾ ਹੈ। ਜੁਆਰੀ ਦਾ ਪੁੱਤਰ ਵੀ ਜੁਆਰੀ ਬਣ ਜਾਏ, ਤਾਂ ਕੋਈ ਹੈਰਾਨੀ ਨਹੀਂ। ਚਰਿੱਤਰਹੀਣ ਬਾਪ ਦਾ ਬੇਟਾ ਵੀ ਚਰਿੱਤਰਹੀਣਤਾ ਵਾਲੇ ਕੰਮ ਕਰਨ ਲੱਗ ਜਾਏ, ਤਾਂ ਕੋਈ ਅਸਚਰਜ ਨਹੀਂ। ਮਾਸ ਖਾਣ ਵਾਲੇ ਸੰਪਰਦਾਇ ਨੂੰ ਮੰਨਣ ਵਾਲੇ ਪਰਿਵਾਰ ਦਾ ਬੱਚਾ ਮਾਸ ਖਾਣ ਨੂੰ ਜਾਇਜ਼ ਸਮਝਦਾ ਹੈ। ਮਾਸ ਨਾ ਖਾਣ ਵਾਲੇ ਸੰਪਰਦਾਇ ਨੂੰ ਮੰਨਣ ਵਾਲੇ ਪਰਿਵਾਰ ਦਾ ਬੱਚਾ ਮਾਸ ਖਾਣ ਨੂੰ ਬੁਰਾ ਸਮਝਦਾ ਹੈ। ਜਿਨ੍ਹਾਂ ਲੋਕਾਂ ਨੇ ਧਰਮ-ਅਸਥਾਨਾਂ ਨੂੰ ਆਪਣੇ

ਰੋਜ਼ਗਾਰ ਦਾ ਸਾਧਨ ਮਾਤਰ ਹੀ ਸਮਝਿਆ, ਉਨ੍ਹਾਂ ਦੀ ਔਲਾਦ ਵੀ ਧਰਮ ਤੇ ਸੰਪਰਦਾਇ ਨੂੰ ਇੱਕ ਵਾਪਾਰ ਤੋਂ ਵੱਧ ਕੇ ਕੁੱਝ ਨਹੀਂ ਸਮਝਦੀ । ਮਹਿਜ਼ ਰੋਜ਼ਗਾਰ ਲਈ ਹੀ ਪੁਜਾਰੀ ਬਣੇ ਵਿਅਕਤੀ ਦਾ ਪੁੱਤਰ ਜੇ ਕਿਸੇ ਧਾਰਮਿਕ-ਅਸਥਾਨ ਦਾ ਪੁਜਾਰੀ ਜਾਂ ਪ੍ਰਬੰਧਕ ਬਣ ਜਾਏ, ਤਾਂ ਬਹੁਤ ਸੰਭਾਵਨਾ ਹੈ ਕਿ ਉਹ ਧਰਮ-ਪ੍ਰਚਾਰ ਨਹੀਂ ਕਰੇਗਾ, ਸਿਰਫ਼ ਵਾਪਾਰ ਹੀ ਕਰੇਗਾ ।

੩. ਇਸ ਜਨਮ ਦੇ ਆਪਣੇ ਕਰਮਾਂ ਦੇ ਸੰਸਕਾਰ

ਇਸ ਜਨਮ ਵਿੱਚ ਕੀਤੇ ਆਪਣੇ ਕਰਮਾਂ ਰਾਹੀਂ ਵੀ ਸੰਸਕਾਰ ਪ੍ਰਾਪਤ ਕੀਤੇ ਜਾਂਦੇ ਹਨ । ਇਨ੍ਹਾਂ ਕਰਮਾਂ ਵਿੱਚ 'ਪ੍ਰਮਾਣ' ਵੀ ਸ਼ਾਮਿਲ ਹਨ, ਜਿਨ੍ਹਾਂ ਦਾ ਵਰਣਨ ਅਸੀਂ ਪਿੱਛੇ 'ਗਿਆਨ ਦੇ ਸਾਧਨ' ਵਾਲੇ ਅਧਿਆਇ ਵਿੱਚ ਕਰ ਚੁੱਕੇ ਹਾਂ । ਗਿਆਨ-ਇੰਦਰੀਆਂ ਤੇ ਕਰਮ-ਇੰਦਰੀਆਂ ਦੇ ਕਰਮ ਸੰਸਕਾਰ ਰੂਪੀ ਨਿਸ਼ਾਨ ਜੀਵ ਦੇ ਚਿੱਤ ਉੱਤੇ ਛੱਡਦੇ ਜਾਂਦੇ ਹਨ । ਇਸ ਜਨਮ ਦੇ ਕਰਮ (ਨਿਜੀ ਤਜੁਰਬੇ) 'ਸਮ੍ਰਿਤੀ' (ਚੇਤਾ, ਯਾਦਦਾਸ਼ਤ) ਦੇ ਰੂਪ ਵਿੱਚ ਚਿੱਤ ਵਿੱਚ ਜਮ੍ਹਾ ਹੁੰਦੇ ਰਹਿੰਦੇ ਹਨ ਤੇ ਇਹ ਸੰਸਕਾਰ ਬਣਦੇ ਜਾਂਦੇ ਹਨ ।

ਜਦੋਂ ਹੀ ਕਿਸੇ ਬੱਚੇ ਦਾ ਜਨਮ ਹੁੰਦਾ ਹੈ, ਉਸ ਨੂੰ ਦੁੱਧ ਦੀ ਲੋੜ ਹੁੰਦੀ ਹੈ। ਦੁੱਧ ਉਸ ਦੀ ਪਹਿਲੀ ਜ਼ਰੂਰਤ ਹੈ। ਇਸ ਪਹਿਲੀ ਜ਼ਰੂਰਤ ਪੂਰੀ ਹੋਣ ਨਾਲ ਉਸ ਦੇ ਚਿੱਤ ਵਿੱਚ ਇਸ ਪ੍ਰਤੀ ਇੱਕ ਖ਼ਾਸ ਲਗਾਉ ਪੈਦਾ ਹੁੰਦਾ ਹੈ। ਇਸ ਖ਼ਾਸ ਲਗਾਉ ਨੂੰ 'ਰਾਗ' ਆਖਦੇ ਹਨ। ਇਹ ਰਾਗ ਮੂਲ ਰੂਪ ਵਿੱਚ ਦੁੱਧ ਪ੍ਰਤੀ ਹੈ। ਕਿਉਂਕਿ ਇਹ ਦੁੱਧ ਮਾਂ ਤੋਂ ਮਿਲਦਾ ਹੈ, ਇਸਲਈ ਮਾਂ ਪ੍ਰਤੀ ਵੀ 'ਰਾਗ' ਪੈਦਾ ਹੋ ਜਾਂਦਾ ਹੈ।

> ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥
> (੧੩੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਜੇ ਨਵ-ਜੰਮੇ ਬੱਚੇ ਦੀ ਦੁੱਧ ਦੀ ਇਹ ਜ਼ਰੂਰਤ ਮਾਂ ਦੀ ਬਜਾਇ ਕੋਈ ਹੋਰ ਔਰਤ ਕਰਨ ਲੱਗ ਜਾਏ, ਤਾਂ ਬੱਚੇ ਦੇ ਚਿੱਤ ਵਿੱਚ ਉਸ ਦੁੱਧ ਪ੍ਰਦਾਨ ਕਰਨ ਵਾਲੀ ਔਰਤ ਪ੍ਰਤੀ ਹੀ ਰਾਗ ਪੈਦਾ ਹੁੰਦਾ ਹੈ, ਜਨਮ ਦੇਣ ਵਾਲੀ ਪ੍ਰਤੀ ਨਹੀਂ।

ਜਿਵੇਂ-ਜਿਵੇਂ ਬੱਚੇ ਦਾ ਸੰਪਰਕ ਹੋਰਨਾਂ ਲੋਕਾਂ ਨਾਲ ਹੁੰਦਾ ਜਾਂਦਾ ਹੈ, ਉਸ ਦੇ ਚਿੱਤ ਵਿੱਚ ਉਨ੍ਹਾਂ ਸੰਬੰਧੀ ਜਾਣਕਾਰੀ ਭਰੀ ਜਾਣ ਲੱਗਦੀ ਹੈ। ਉਸ ਦੀ ਇੱਛਾ ਸਿਰਫ਼ ਦੁੱਧ ਤੱਕ ਹੀ ਸੀਮਿਤ ਨਹੀਂ ਰਹਿੰਦੀ। ਉਸ ਦੀਆਂ ਇੱਛਾਵਾਂ ਵੱਧਦੀਆਂ ਜਾਂਦੀਆਂ ਹਨ। ਉਸ ਦੇ ਚਿੱਤ ਦਾ ਰਾਗ ਉਨ੍ਹਾਂ ਵਸਤੂਆਂ ਪ੍ਰਤੀ ਹੈ, ਜਿਨ੍ਹਾਂ ਦੀ ਉਹ ਇੱਛਾ ਕਰਦਾ ਹੈ। ਜੋ ਉਸ ਦੀ ਕੋਈ ਇੱਛਾ ਪੂਰੀ ਕਰਦੇ ਹਨ, ਉਨ੍ਹਾਂ ਪ੍ਰਤੀ ਉਸ ਦੇ ਮਨ ਵਿੱਚ ਲਗਾਵ ਪੈਦਾ ਹੁੰਦਾ ਜਾਂਦਾ ਹੈ। ਇਨ੍ਹਾਂ ਇੱਛਾਵਾਂ ਦੀ ਪੂਰਤੀ ਵਿੱਚ ਲੱਗਾ ਹੋਇਆ ਹੀ ਉਹ ਮੌਤ ਤੱਕ ਜਾ ਪੁੱਜਦਾ ਹੈ।

> ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥
> ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥
> ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥
> ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥
> ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥
> (੧੩੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਨਿਜੀ ਤਜੁਰਬੇ ਵਿੱਚ ਜਿਸ ਵਿਸ਼ੇ ਤੋਂ ਜੀਵ ਨੂੰ ਖ਼ੁਸ਼ੀ ਮਿਲਦੀ ਹੈ, ਉਸ ਪ੍ਰਤੀ ਰਾਗ ਬਣ ਜਾਂਦਾ ਹੈ । ਜੋ ਵਸਤੂ ਜਾਂ ਵਿਅਕਤੀ ਦੁੱਖ ਦਿੰਦਾ ਹੈ, ਉਸ ਪ੍ਰਤੀ ਦਵੇਸ਼ ਪੈਦਾ ਹੋ ਜਾਂਦਾ ਹੈ । ਰਾਗ ਵਾਲੀ ਵਸਤੂ ਦੀ ਪ੍ਰਾਪਤੀ ਵਿੱਚ ਜੋ ਕੋਈ ਰੁਕਾਵਟ ਪੈਦਾ ਕਰੇ, ਉਸ ਪ੍ਰਤੀ ਕ੍ਰੋਧ ਹੋਣ ਲੱਗਦਾ ਹੈ । ਰਾਗ ਵਾਲੀ ਵਸਤੂ ਪ੍ਰਾਪਤ ਹੋ ਕੇ ਗੁੰਮ ਨਾ ਹੋ ਜਾਏ, ਅਜਿਹੀ ਸੋਚ ਨਾਲ ਡਰ ਪੈਦਾ ਹੋ ਜਾਂਦਾ ਹੈ । ਇਹ ਰਾਗ, ਦਵੇਸ਼ ਜਾਂ ਡਰ ਆਦਿ ਮਿਥਿਆ-ਗਿਆਨ ਦੇ ਹੀ ਵੱਖ-ਵੱਖ ਰੂਪ ਹਨ । ਮਿਥਿਆ-ਗਿਆਨ ਚਿੱਤ ਦੀ ਇੱਕ ਵ੍ਰਿਤੀ ਜਾਂ ਰੂਪ ਹੈ । ਇਹ ਵੱਖ-ਵੱਖ ਤਰ੍ਹਾਂ ਦੇ ਰਾਗ ਉਸ ਨੂੰ ਲਾਲਚੀ ਸੁਭਾਅ ਦਾ ਵਿਅਕਤੀ ਬਣਾ ਦਿੰਦੇ ਹਨ । ਵੱਖ-ਵੱਖ ਤਰ੍ਹਾਂ ਦੇ ਦਵੇਸ਼ ਉਸ ਨੂੰ ਜ਼ਾਲਿਮ ਸੁਭਾਅ ਦਾ ਵਿਅਕਤੀ ਬਣਾ ਦਿੰਦੇ ਹਨ । ਵੱਖ-ਵੱਖ ਤਰ੍ਹਾਂ ਦੇ ਡਰਾਂ ਨਾਲ ਉਹ ਡਰਪੋਕ ਵਿਅਕਤੀ ਬਣ ਜਾਂਦਾ ਹੈ ।

ਚੰਗੀਆਂ ਪੁਸਤਕਾਂ ਪੜ੍ਹ ਕੇ ਉਨ੍ਹਾਂ ਵਿੱਚ ਦਿੱਤੇ ਵੀਚਾਰਾਂ ਬਾਰੇ ਡੂੰਘਾ ਮਨਨ ਕਰ ਕੇ ਚਿੱਤ ਵਿੱਚ ਨਵੇਂ ਸੰਸਕਾਰ ਪੈਦਾ ਕੀਤੇ ਜਾ ਸਕਦੇ ਹਨ। ਵਾਰ-ਵਾਰ ਕੋਈ ਚੰਗਾ ਕਰਮ ਕਰ ਕੇ ਉਸ ਕਰਮ ਦਾ ਸੰਸਕਾਰ ਚਿੱਤ ਵਿੱਚ ਪੈਦਾ ਕੀਤਾ ਜਾ ਸਕਦਾ ਹੈ। ਜੱਪ ਤੇ ਤੱਪ ਨਾਲ ਨਵੇਂ ਸੰਸਕਾਰ ਪੈਦਾ ਕੀਤੇ ਜਾ ਸਕਦੇ ਹਨ।

ਕੋਈ ਵਿਅਕਤੀ ਵਾਰ-ਵਾਰ ਚੋਰੀ ਕਰਕੇ ਉਸ ਦੇ ਸੰਸਕਾਰ ਆਪਣੇ ਚਿੱਤ ਉੱਤੇ ਪਾ ਦਿੰਦਾ ਹੈ । ਚਿੱਤ ਉੱਤੇ ਪਏ ਹੋਏ ਉਹ ਸੰਸਕਾਰ ਉਸ ਨੂੰ ਚੋਰੀ ਦਾ ਉਹ ਕਰਮ ਵਾਰ-ਵਾਰ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ । ਕਰਮ ਤੋਂ ਸੰਸਕਾਰ ਤੇ ਸੰਸਕਾਰ ਤੋਂ ਕਰਮ ਦੀ ਇਹ ਲੜੀ ਲਗਾਤਾਰ ਚੱਲਦੀ ਰਹਿੰਦੀ ਹੈ । ਜੇ ਕਦੇ ਉਹ ਵਿਅਕਤੀ ਚੋਰੀ ਕਰਨ ਦੇ ਸੰਸਕਾਰ ਤੋਂ ਖਹਿੜਾ ਛੁਡਾਉਣਾ ਚਾਹੇ, ਤਾਂ ਪਹਿਲਾਂ ਉਸ ਨੂੰ ਉਸਦੇ ਬਿਲਕੁਲ ਉਲਟ ਸੰਸਕਾਰ ਪੈਦਾ ਕਰਨੇ ਪੈਣਗੇ । ਚੋਰੀ ਦਾ ਭਾਵ ਹੈ, ਦੂਸਰੇ ਦਾ ਧਨ ਹੜਪ ਲੈਣਾ । ਇਸ ਦੇ ਵਿੱਚ ਉਸ ਨੂੰ ਸੁੱਖ

ਪ੍ਰਤੀਤ ਹੁੰਦਾ ਹੈ । ਇਸ ਸੁੱਖ ਪ੍ਰਤੀ ਉਸ ਦੇ ਚਿੱਤ ਦੀ ਭਾਵਨਾ ਹੀ ਰਾਗ ਹੈ । ਉਸ ਰਾਗ ਦਾ ਵਿਰੋਧੀ ਪੱਖ ਦਵੇਸ਼ ਹੈ । ਚੋਰੀ ਦੇ ਕਰਮ ਪ੍ਰਤੀ ਰਾਗ ਦੇ ਸੰਸਕਾਰ ਉਸ ਦੇ ਚਿੱਤ ਉੱਤੇ ਪਏ ਹਨ । ਹੁਣ ਉਸਨੂੰ ਚੋਰੀ ਦੇ ਪ੍ਰਤੀ ਦਵੇਸ਼ ਵਾਲੇ ਸੰਸਕਾਰ ਆਪਣੇ ਚਿੱਤ ਉੱਤੇ ਪਾਉਣੇ ਪੈਣਗੇ ।

ਜੇ ਉਹ ਗੁਰੂ ਦਾ ਸ਼ਬਦ ਸੁਣੇ: -

> ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥੧॥
> ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥
> ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥
> ਜੇ ਸਾਥਿ ਰਖੀਐ ਦੀਜੈ ਰਲਾਇ ॥ ਜਾ ਪਰਖੀਐ ਖੋਟਾ ਹੋਇ ਜਾਇ ॥੨॥
> (੬੬੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਫਿਰ, ਉਹ ਗੁਰੂ ਦੇ ਇਸ ਸ਼ਬਦ ਉੱਤੇ ਵਾਰ-ਵਾਰ ਮਨਨ ਕਰੇ । ਵਾਰ-ਵਾਰ ਮਨਨ ਕਰਕੇ ਇਹ ਸਮਝੇ ਕਿ ਚੋਰੀ ਦਾ ਕਰਮ ਚੰਗਾ ਨਹੀਂ । ਗੁਰੂ ਦੇ ਇਸ ਉਪਦੇਸ਼ ਨੂੰ ਉਹ ਆਪਣੇ ਚਿੱਤ ਵਿੱਚ ਵਸਾ ਲਏ । ਨਾਲ ਹੀ ਚੋਰੀ ਦੇ ਪ੍ਰਤੀ ਜੋ ਰਾਗ ਦੇ ਸੰਸਕਾਰ ਉਸ ਦੇ ਚਿੱਤ ਉੱਤੇ ਪਏ ਹਨ, ਉਸ ਦਾ ਵਿਰੋਧੀ ਸੰਸਕਾਰ ਚਿੱਤ ਵਿੱਚ ਪੈਦਾ ਕਰੇ । ਚੋਰੀ ਪ੍ਰਤੀ ਰਾਗ ਦਾ ਵਿਰੋਧੀ ਸੰਸਕਾਰ ਹੈ 'ਚੋਰੀ ਪ੍ਰਤੀ ਦਵੇਸ਼ ਦਾ ਸੰਸਕਾਰ' ।

ਉਹ ਪਹਿਲਾਂ ਚੋਰੀ ਕਰਦਾ ਸੀ । ਨਿਰਦੋਸ਼ਾਂ ਤੋਂ ਧਨ ਖੋਹ ਲੈਂਦਾ ਸੀ । ਹੁਣ ਉਹ ਲੋੜਵੰਦਾਂ ਨੂੰ ਧਨ ਦੇਣਾ ਸ਼ੁਰੂ ਕਰੇਗਾ । ਇਹ ਹੈ ਦਾਨ । ਵਾਰ-ਵਾਰ ਦਾਨ ਕਰਨ ਨਾਲ ਉਹ ਆਪਣੇ ਚਿੱਤ ਉੱਤੇ ਦਾਨ ਕਰਨ ਦੇ ਸੰਸਕਾਰ ਪੈਦਾ ਕਰ ਲਏਗਾ । ਦਾਨ ਦੇ ਉਹ ਸੰਸਕਾਰ ਉਸ ਨੂੰ ਫਿਰ ਦਾਨ ਕਰਨ ਵਾਸਤੇ ਪ੍ਰੇਰਿਤ ਕਰਨਗੇ । ਜੋ ਉਹ ਦਾਨ ਕਰੇਗਾ, ਉਸ ਤੋਂ ਸੰਸਕਾਰ; ਸੰਸਕਾਰ ਤੋਂ ਫਿਰ ਦਾਨ । ਹੁਣ ਇਹ ਇੱਕ ਨਵੀਂ ਲੜੀ ਤੁਰ ਪਏਗੀ । ਹੁਣ ਉਸੇ ਮਨ ਵਿੱਚ ਚੋਰੀ ਪ੍ਰਤੀ ਰਾਗ ਨਹੀਂ ਰਿਹਾ । ਚੋਰੀ ਪ੍ਰਤੀ ਦਵੇਸ਼ ਪੈਦਾ ਹੋ ਗਿਆ ਹੈ ।

ਰਾਗ ਵੀ ਮਿੱਥਿਆ ਗਿਆਨ (ਵਿਪਰਯਯ) ਹੈ, ਦਵੇਸ਼ ਵੀ ਮਿੱਥਿਆ ਗਿਆਨ ਹੈ । ਸਮਾਧੀ ਦੀ ਅਵਸਥਾ ਵਿੱਚ ਉਹ ਜੋ ਚੋਰੀ ਪ੍ਰਤੀ ਦਵੇਸ਼ ਸੀ, ਉਹ ਵੀ ਖ਼ਤਮ ਕਰ ਦਏਗਾ । ਦਵੇਸ਼ ਰੂਪੀ ਮਿੱਥਿਆਗਿਆਨ ਵੀ ਖ਼ਤਮ ਕਰ ਦਏਗਾ । ਹੁਣ ਉਸ ਦੇ ਕਰਮ ਸੁਭਾਵਿਕ ਰੂਪ ਵਿੱਚ ਹੋਣਗੇ । ਪਹਿਲਾਂ ਉਹ ਦਾਨ ਯਤਨਸ਼ੀਲ ਹੋ ਕੇ ਕਰ ਰਿਹਾ ਸੀ । ਦਾਨ ਉਹ ਹੁਣ ਵੀ ਕਰ ਰਿਹਾ ਹੈ, ਪਰ ਹੁਣ ਉਹ ਯਤਨਸ਼ੀਲ ਹੋ ਕੇ ਨਹੀਂ ਕਰਦਾ, ਬਲਕਿ ਦਾਨ ਹੁਣ ਉਸ ਦਾ ਸਹਜ ਸੁਭਾਵਿਕ ਕਰਮ ਬਣ ਜਾਏਗਾ । ਇਹ ਕਰਮ ਕਿਸੀ ਫਲ ਦੀ ਇੱਛਾ ਤੋਂ ਬਿਨ੍ਹਾਂ ਹੋਣ ਕਾਰਣ ਕਰਮ-ਫਲ ਪ੍ਰਦਾਨ ਕਰਨ ਦੀ ਸਮਰੱਥਾ ਨਹੀਂ ਰੱਖਦਾ ਹੋਏਗਾ । ਪਹਿਲਾਂ ਜਦੋਂ ਉਹ ਦਾਨ ਕਰ ਰਿਹਾ ਸੀ, ਤਾਂ ਇਹ ਸਮਝਦਾ ਸੀ ਕਿ ਮੈਂ ਦਾਨ ਕਰ ਰਿਹਾ ਹਾਂ । ਦਾਨ ਉਹ ਹੁਣ ਵੀ ਕਰੇਗਾ, ਪਰ ਇਹ ਨਹੀਂ ਸਮਝੇਗਾ ਕਿ ਮੈਂ ਦਾਨ ਕਰ ਰਿਹਾ ਹਾਂ । ਦਾਨ ਤਾਂ ਉਸ ਵਸਤੂ ਦਾ ਕੀਤਾ ਜਾਂਦਾ ਹੈ, ਜੋ ਸਾਡੀ ਆਪਣੀ ਹੋਵੇ । ਸਭ ਕੁੱਝ ਉਸ ਪ੍ਰਭੂ ਦਾ ਹੀ ਹੈ, ਸਾਡਾ ਨਹੀਂ । ਫਿਰ ਅਸੀਂ ਕੁੱਝ ਦਾਨ ਕਰਨ ਦੀ ਹੈਸੀਅਤ ਹੀ ਕਿੱਥੇ ਰੱਖਦੇ ਹਾਂ? ਕਿਸੇ ਹੋਰ ਦੀ ਵਸਤੂ ਅਸੀਂ ਕਿਸੇ ਹੋਰ ਨੂੰ ਕਿਵੇਂ ਦਾਨ ਕਰ ਸਕਦੇ ਹਾਂ ?

ਅਦਵੈਤਵਾਦੀ ਤਾਂ ਇੰਞ ਜਾਣਦੇ ਹਨ ਕਿ ਅਸੀਂ ਪ੍ਰਭੂ ਤੋਂ ਵੱਖਰੇ ਨਹੀਂ ਹਾਂ । ਜਿਸ ਨੂੰ ਅਸੀਂ ਦਾਨ ਕਰ ਰਹੇ ਹਾਂ, ਉਹ ਵੀ ਪ੍ਰਭੂ ਤੋਂ ਵੱਖਰਾ ਨਹੀਂ । ਫਿਰ ਕੌਣ ਕਿਸ ਨੂੰ ਦਾਨ ਕਰ ਰਿਹਾ ਹੈ? ਇਹ ਇੱਕ ਬੜੀ ਅਸਚਰਜਤਾ ਭਰੀ ਸਥਿੱਤੀ ਹੈ ।

ਪਹਿਲਾਂ ਚੋਰੀ ਦੇ ਸੰਸਕਾਰ ਦੇ ਵਿਰੁੱਧ ਦਾਨ ਦੇ ਸੰਸਕਾਰ ਪੈਦਾ ਕੀਤੇ ਗਏ । ਫਿਰ ਦਾਨ ਦੇ ਉਹ ਸੰਸਕਾਰ ਵੀ ਸਮਾਧੀ ਨਾਲ ਮਿਟਾ ਦਿੱਤੇ ਗਏ ।

ਸਰੀਰ ਉੱਤੇ ਬਾਹਰੀ ਵਿਸ਼ੇਸ਼ ਚਿੰਨ੍ਹ ਧਾਰਨ ਕਰ ਲੈਣ ਨਾਲ ਜਾਂ ਖ਼ਾਸ ਤਰ੍ਹਾਂ ਦੇ ਜਾਂ ਖ਼ਾਸ ਰੰਗ ਦੇ ਕਪੜੇ ਪਾ ਲੈਣ ਨਾਲ ਚਿੱਤ ਵਿੱਚ ਬਦਲਾਉ ਨਹੀਂ ਆ ਜਾਂਦਾ । ਤੇ, ਚਿੱਤ ਨੂੰ ਬਦਲਣ ਤੋਂ ਬਿਨ੍ਹਾਂ ਜੀਵਨ ਵਿੱਚ ਕੋਈ ਬਦਲਾਉ ਆ ਹੀ ਨਹੀਂ ਸਕਦਾ । ਬਹੁਤ ਸਾਰੇ ਲੋਕ ਜਦੋਂ ਕੁੱਝ ਖ਼ਾਸ ਸੰਪਰਦਾਇਕ ਚਿੰਨ੍ਹ ਧਾਰਣ ਕਰ ਲੈਂਦੇ ਹਨ, ਤਾਂ ਉਨ੍ਹਾਂ ਦੇ ਜੀਵਨ ਵਿੱਚ ਕੋਈ ਹਾਂ-ਪੱਖੀ ਤਬਦੀਲੀ ਨਹੀਂ ਆਉਂਦੀ । ਅਜਿਹਾ ਇਸ ਲਈ ਹੁੰਦਾ ਹੈ, ਕਿਉਂਕਿ ਉਨ੍ਹਾਂ ਨੇ ਬਾਹਰੀ ਚਿੰਨ੍ਹ ਤਾਂ ਧਾਰਣ ਕੀਤੇ, ਪਰ ਗੁਰੂ ਦੇ ਸ਼ਬਦ (ਉਪਦੇਸ਼) ਰਾਹੀਂ ਆਪਣੇ ਚਿੱਤ ਵਿੱਚ ਕੋਈ ਬਦਲਾਉ ਨਹੀਂ ਲਿਆਉਂਦਾ ।

ਔਸ਼ਧੀ ਰਾਹੀਂ ਚਿੱਤ ਵਿੱਚ ਬਦਲਾਉ

ਔਸ਼ਧੀ ਜਾਂ ਨਸ਼ਿਆਂ ਨਾਲ ਚਿੱਤ ਵਿੱਚ ਬਦਲਾਉ ਲਿਆਇਆ ਜਾ ਸਕਦਾ ਹੈ । ਡਿਪ੍ਰੈੱਸ਼ਨ ਅਜੋਕੇ ਸਮੇਂ ਦੀ ਆਮ ਮਾਨਸਿਕ ਬਿਮਾਰੀ ਹੈ । ਇਹ ਮਾਨਸਿਕ ਰੋਗ ਚਿੱਤ ਵਿੱਚ ਹੀ ਪੈਦਾ ਹੋਏ ਕਿਸੇ ਬਦਲਾਉ ਦਾ ਨਤੀਜਾ ਹੈ । ਕਿਸੇ ਵਿਅਕਤੀ ਨੂੰ ਜੇ ਡਿਪ੍ਰੈੱਸ਼ਨ ਦੀ ਸਮੱਸਿਆ ਹੈ, ਤਾਂ ਔਸ਼ਧੀ ਨਾਲ ਉਸ ਦੇ ਚਿੱਤ ਦੀ ਸਥਿੱਤੀ ਨੂੰ ਕਾਫ਼ੀ ਹੱਦ ਤਕ ਬਦਲਿਆ ਜਾ ਸਕਦਾ ਹੈ ।

ਔਸ਼ਧੀ ਨਾਲ ਕਿਸੇ ਵਿਅਕਤੀ ਨੂੰ ਅਜਿਹੀ ਹਾਲਤ ਵਿੱਚ ਪਹੁੰਚਾਇਆ ਜਾ ਸਕਦਾ ਹੈ, ਜਿੱਥੇ ਉਸ ਦਾ ਚਿੱਤ ਬਿਲਕੁੱਲ ਵੀ ਕੰਮ ਨਾ ਕਰ ਸਕੇ । ਇਹ ਗੂੜ੍ਹੀ ਨੀਂਦ ਜਾਂ ਬੇਹੋਸ਼ੀ ਦੀ ਹਾਲਤ ਹੈ । ਨਸ਼ੇ ਜਾਂ ਔਸ਼ਧੀ ਨਾਲ ਕਿਸੇ ਨੂੰ ਵੀ ਬੇਹੋਸ਼ ਕਰ ਕੇ ਚਿੱਤ ਦੀ ਸਥਿੱਤੀ ਵਿੱਚ ਬਦਲਾਉ ਲਿਆਇਆ ਜਾ ਸਕਦਾ ਹੈ ।

ਕ੍ਰੋਧ ਚਿੱਤ ਦੀ ਹੀ ਇੱਕ ਵ੍ਰਿਤੀ ਹੈ । ਲੰਬੇ ਸਮੇਂ ਤਕ ਖ਼ਾਸ-ਖ਼ਾਸ ਦਵਾਈਆਂ ਦਾ ਪ੍ਰਯੋਗ ਕਰ ਕੇ ਬਹੁਤ ਹੱਦ ਤਕ ਕ੍ਰੋਧ ਉੱਤੇ ਕਾਬੂ ਪਾਇਆ ਜਾ ਸਕਦਾ ਹੈ । ਖ਼ਾਸ ਕਰ ਕੇ ਹੋਮਿਉਪੈਥੀ ਵਿੱਚ ਇਸ ਪ੍ਰਕਾਰ ਦੀਆਂ ਕਈ ਦਵਾਈਆਂ ਮਿਲਦੀਆਂ ਹਨ । ਇਨ੍ਹਾਂ ਦਵਾਈਆਂ ਦਾ ਪ੍ਰਯੋਗ ਚਿੱਤ ਦੀ ਇਸ ਵ੍ਰਿਤੀ (ਕ੍ਰੋਧ) ਨੂੰ ਬਦਲਣ ਵਿੱਚ ਬਹੁਤ ਸਹਾਈ ਹੋ ਸਕਦਾ ਹੈ ।

ਸਰੀਰ ਦੇ ਕਿਸੇ ਅੰਗ ਨੂੰ ਇੰਜੈਕਸ਼ਨ ਆਦਿ ਨਾਲ ਸੁੰਨ ਕਰ ਕੇ ਚੀਰ-ਫਾੜ੍ਹ ਵੀ ਕਰ ਦਿੱਤੀ ਜਾਂਦੀ ਹੈ, ਪਰ ਮਨ, ਜੋ ਕਿ ਚਿੱਤ ਦਾ ਹੀ ਇੱਕ ਹਿੱਸਾ ਹੈ, ਇਸ ਦਰਦ ਨੂੰ ਬਿਲਕੁਲ ਵੀ ਮਹਿਸੂਸ ਨਹੀਂ ਕਰਦਾ ਹੈ । ਸੁੰਨ ਕੀਤੇ ਅੰਗ ਵੱਲੋਂ ਕੋਈ ਵੀ ਸੂਚਨਾ ਮਨ ਤੱਕ ਨਹੀਂ ਪਹੁੰਚਾਈ ਜਾਂਦੀ । ਇਸਤਰ੍ਹਾਂ ਚਿੱਤ ਉਸ ਅੰਗ ਦੀ ਕੀਤੀ ਜਾ ਰਹੀ ਚੀਰ-ਫਾੜ੍ਹ ਤੋਂ ਅਣਜਾਣ ਹੀ ਬਣਿਆ ਰਹਿੰਦਾ ਹੈ । ਚਿੱਤ ਦੀ ਅਜਿਹੀ ਸਥਿੱਤੀ ਸੁੰਨ ਕਰਨ ਵਾਲੇ ਇੰਜੈਕਸ਼ਨ ਨਾਲ ਪੈਦਾ ਕੀਤੀ ਜਾਂਦੀ ਹੈ ।

ਚਿੱਤ ਦੀ ਉਦਾਸੀ ਨੂੰ ਦਵਾਈਆਂ ਨਾਲ ਦੂਰ ਕੀਤਾ ਜਾ ਸਕਦਾ ਹੈ । ਵਿਕਸ਼ਿਪਤ (ਪਾਗਲ) ਚਿੱਤ ਨੂੰ ਦਵਾਈਆਂ ਨਾਲ ਠੀਕ ਕੀਤਾ ਜਾਂਦਾ ਹੈ । ਠੀਕ ਚਿੱਤ ਨੂੰ ਦਵਾਈਆਂ ਨਾਲ ਵਿਕਸ਼ਿਪਤ (ਪਾਗਲ) ਕੀਤਾ ਜਾ ਸਕਦਾ ਹੈ ।

ਕਿਸੇ ਨਸ਼ੇ ਆਦਿ ਨਾਲ ਵੀ ਕਿਸੇ ਵਿਅਕਤੀ ਨੂੰ ਕੁੱਝ ਸਮੇਂ ਲਈ ਪਾਗਲਪਣ ਦੀ ਸਥਿੱਤੀ ਵਿੱਚ ਪਹੁੰਚਾਇਆ ਜਾ ਸਕਦਾ ਹੈ । ਲੰਬੇ ਸਮੇਂ ਤਕ ਲਗਾਤਾਰ ਨਸ਼ੇ ਦਾ ਸੇਵਨ ਕਰਨ ਵਾਲੇ ਵਿਅਕਤੀ ਦਾ ਚਿੱਤ ਆਮ ਵਿਅਕਤੀ ਦੇ ਚਿੱਤ ਨਾਲੋਂ ਵੱਖਰਾ ਹੁੰਦਾ ਹੈ । ਨਸ਼ੇੜੀ ਵਿਅਕਤੀ ਦਾ ਵਿਵਹਾਰ ਆਮ ਵਿਅਕਤੀ ਨਾਲੋਂ ਵੱਖਰਾ ਹੁੰਦਾ ਹੈ । ਨਸ਼ੇ ਵਿੱਚ ਚਿੱਤ ਦੀ ਅਜਿਹੀ ਹਾਲਤ ਹੋ ਜਾਂਦੀ ਹੈ ਕਿ ਉਹ ਗ਼ਲਤ ਤੇ ਸਹੀ ਦਾ ਅਜਿਹਾ ਫ਼ਰਕ ਕਰ ਸੱਕਣ ਤੋਂ ਵੀ ਅਸਮਰਥ ਹੋ ਜਾਂਦਾ ਹੈ, ਜੋ ਇੱਕ ਸਾਧਾਰਣ ਬੁੱਧੀ ਵਾਲਾ ਵਿਅਕਤੀ ਵੀ ਕਰ ਸਕਦਾ ਹੈ । ਨਸ਼ੇ ਦੀ ਤੋਟ ਵਿੱਚ ਨਸ਼ੇੜੀਆਂ ਵੱਲੋਂ ਆਪਣੇ ਹੀ ਪਾਰਿਵਾਰਿਕ ਜੀਆਂ ਦੇ ਕਤਲ ਤਕ ਕਰ ਦਿੱਤੇ ਜਾਣ ਦੀਆਂ ਖ਼ਬਰਾਂ ਆਮ ਹੀ ਅਖਬਾਰਾਂ ਵਿੱਚ ਛੱਪਦੀਆਂ ਰਹਿੰਦੀਆਂ ਹਨ ।

ਚਿੱਤ ਦੀ ਪੈਦਾ ਕੀਤੀ ਗਈ ਕੋਈ ਵੀ ਅਜਿਹੀ ਸਥਿੱਤੀ ਚਿੱਤ ਦੀ ਆਪਣੀ ਸੁਭਾਵਿਕ ਸਥਿੱਤੀ ਜਾਂ ਗੁਣ ਨਹੀਂ ਹੈ । ਬਲਕਿ ਚਿੱਤ ਦੀ ਇਹ ਹਾਲਤ ਮਸਨੂਈ ਢੰਗ ਨਾਲ (Artificially) ਪੈਦਾ ਕੀਤੀ ਗਈ ਹੈ ।

ਸਮਾਧੀ ਰਾਹੀਂ ਚਿੱਤ ਨਿਰਮਾਣ

ਕਿਸੇ ਜੱਪ ਜਾਂ ਤੱਪ ਨਾਲ ਚਿੱਤ ਨੂੰ ਇੱਕਾਗਰਤਾ ਵੱਲ ਲਿਜਾਇਆ ਜਾ ਸਕਦਾ ਹੈ । ਬਹੁਤ ਚਿੰਤਾਵਾਂ ਵਾਲਾ ਚਿੱਤ ਕਿਸੇ ਖ਼ਾਸ ਮੰਤਰ ਜਾਂ ਕਿਸੀ ਖ਼ਾਸ ਕਿਰਿਆ ਨਾਲ ਚਿੰਤਾਵਾਂ ਤੋਂ ਧਿਆਨ ਪਰ੍ਹੇ ਹੱਟ ਜਾਣ ਨਾਲ ਆਰਾਮ ਮਹਿਸੂਸ ਕਰਦਾ ਹੈ । ਤੀਰਥ ਯਾਤਰਾ ਲਈ ਗਿਆ ਵਿਅਕਤੀ ਨਵੀਂ ਥਾਂ, ਨਵੀਆਂ ਇਮਾਰਤਾਂ ਤੇ ਨਵੇਂ ਲੋਕ ਵੇਖ ਕੇ ਪਰਚ ਜਾਂਦਾ ਹੈ ।

ਚਿੱਤ ਦਾ ਨਿਰਮਾਣ ਸਮਾਧੀ ਰਾਹੀਂ ਵੀ ਹੁੰਦਾ ਹੈ । ਬਾਕੀ ਨਿਰਮਾਣਾਂ ਤੋਂ ਉਲਟ ਅਸੰਪਰਗਿਆਤ ਸਮਾਧੀ ਰਾਹੀਂ ਹੋਇਆ ਨਿਰਮਾਣ ਅਸਲ ਵਿੱਚ ਚਿੱਤ ਨੂੰ ਨਸ਼ਟ ਕਰਨ ਦੀ ਹੀ ਕਿਰਿਆ ਹੈ । ਸਮਾਧੀ ਰਾਹੀਂ ਨਿਰਮਿਤ ਚਿੱਤ ਆਪਣੇ ਪਹਿਲੇ ਰੂਪ ਤੋਂ ਬਿਲਕੁਲ ਵੱਖਰਾ ਹੋਣ ਕਾਰਣ ਇੱਕ ਨਵੀਂ ਵਸਤੂ ਜਾਂ ਨਵੇਂ ਚਿੱਤ ਵਜੋਂ ਹੀ ਜਾਣਿਆ ਜਾਂਦਾ ਹੈ ।

ਅਸੰਪਰਗਿਆਤ ਸਮਾਧੀ ਰਾਹੀਂ ਚਿੱਤ ਉੱਤੇ ਪਹਿਲਾਂ ਦੇ ਪਏ ਹੋਏ ਸੰਸਕਾਰ ਮਿੱਟਣੇ ਸ਼ੁਰੂ ਹੋ ਜਾਂਦੇ ਹਨ । ਪਿੱਛੇ ਅਸੀਂ ਆਖ ਚੁੱਕੇ ਹਾਂ ਕਿ ਜਨਮ ਸਮੇਂ ਪ੍ਰਾਪਤ ਚਿੱਤ ਨਵੇਂ ਤਿਆਰ ਕੀਤੇ ਗਏ ਪਰਸਨਲ ਕੰਪਿਊਟਰ ਵਾਂਗ ਹੈ, ਜਿਸ ਵਿੱਚ ਕਈ ਪ੍ਰੋਗਰਾਮ ਪਹਿਲਾਂ ਤੋਂ ਹੀ ਪਾਏ ਗਏ (Pre-installed programs) ਹੁੰਦੇ ਹਨ । ਪਿੱਛਲੇ ਜਨਮਾਂ ਤੋਂ ਪ੍ਰਾਪਤ ਸੰਸਕਾਰ ਕਿਸੇ ਕੰਪਿਊਟਰ ਵਿੱਚ ਪਹਿਲਾਂ ਤੋਂ ਪਾਏ ਗਏ ਪ੍ਰੋਗਰਾਮ ਵਾਂਗ ਹੁੰਦੇ ਹਨ । ਜਿਵੇਂ ਨਵੇਂ ਕੰਪਿਊਟਰ ਵਿੱਚ ਮਗਰੋਂ ਕਈ ਪ੍ਰਕਾਰ ਦਾ ਡਾਟਾ (Data) ਪਾ ਦਿੱਤਾ ਜਾਂਦਾ ਹੈ, ਉਵੇਂ ਹੀ ਚਿੱਤ ਵਿੱਚ ਮਾਂ-ਪਿਉ, ਪਰਿਵਾਰ, ਸਮਾਜ, ਸੰਗਤ, ਵਿਦਿਆ, ਸੰਪਰਦਾਇ, ਆਪਣੇ ਇਸ ਜਨਮ ਦੇ ਕਰਮਾਂ ਤੋਂ ਪ੍ਰਾਪਤ ਸੰਸਕਾਰ ਪਾ ਦਿੱਤੇ ਜਾਂਦੇ ਹਨ । ਜਿਵੇਂ ਕੰਪਿਊਟਰ ਦੀ ਹਾਰਡ ਡਿਸਕ (Hard Disk) ਵਿੱਚ ਪਏ ਹੋਏ ਬੇਲੋੜੇ ਡਾਟਾ (Data) ਨੂੰ ਮਿਟਾ (Delete ਕਰ) ਦਿੱਤਾ ਜਾਂਦਾ ਹੈ, ਉਸੇ ਤਰ੍ਹਾਂ ਹੀ ਅਸੰਪਰਗਿਆਤ ਸਮਾਧੀ ਰਾਹੀਂ ਚਿੱਤ ਵਿੱਚ ਪਏ ਹੋਏ ਪਹਿਲੇ ਸੰਸਕਾਰ ਖ਼ਤਮ ਕਰ ਦਿੱਤੇ ਜਾਂਦੇ ਹਨ । ਚਿੱਤ ਵਿੱਚ ਪਾਏ ਗਏ ਅਜਿਹੇ ਸਾਰੇ ਸੰਸਕਾਰ ਤੇ ਦੁਨੀਆਵੀ ਗਿਆਨ ਆਦਿ ਚਿੱਤ ਦੇ ਪੈਦਾ ਹੋਣ ਤੋਂ ਬਾਅਦ ਮਸਨੂਈ ਢੰਗ ਨਾਲ (Artificially) ਪਾਏ ਗਏ ਸਨ । ਚਿੱਤ ਵੱਖਰਾ ਹੈ ਤੇ ਚਿੱਤ ਵਿੱਚ ਪਾਏ ਗਏ ਜਨਮਾਂ-ਜਨਮਾਂ ਦੇ ਸੰਸਕਾਰ ਤੇ ਹੋਰ ਦੁਨੀਆਵੀ (ਤ੍ਰਿਗੁਣਾਤਮਕ) ਗਿਆਨ ਚਿੱਤ ਤੋਂ ਵੱਖਰੇ ਹਨ । ਸਮਾਧੀ ਰਾਹੀਂ ਇਹ ਪੁਰਾਣੇ ਸੰਸਕਾਰ ਹਟਾ ਦਿੱਤੇ ਜਾਂਦੇ ਹਨ ।

ਅਸੰਪਰਗਿਆਤ ਸਮਾਧੀ ਤੇ ਸਹਜ ਸਮਾਧੀ ਰਾਹੀਂ ਬਣਿਆ ਚਿੱਤ ਹੀ ਮੁਕਤੀ ਦੇ ਯੋਗ ਹੁੰਦਾ ਹੈ, ਕਿਉਂਕਿ ਸਿਰਫ਼ ਇਹ ਹੀ ਅਜਿਹਾ ਚਿੱਤ ਹੈ, ਜਿਸ ਵਿੱਚ ਨਵਾਂ ਜਨਮ ਦੇਣ ਦੇ ਸਮਰੱਥ ਸੰਸਕਾਰ ਨਹੀਂ ਹੁੰਦੇ ।

ਸਮਾਧੀ ਦੀਆਂ ਕਈ ਅਵਸਥਾਵਾਂ ਵੀ ਚਿੱਤ ਉੱਤੇ ਆਪਣੇ ਸੰਸਕਾਰ ਛੱਡ ਜਾਂਦੀਆਂ ਹਨ । ਅਸੰਪਰਗਿਆਤ ਸਮਾਧੀ ਦੀ ਅਵਸਥਾ ਦਾ ਵਾਰ-ਵਾਰ ਅਨੁਭਵ ਕਰਨ ਨਾਲ ਚਿੱਤ ਉੱਤੇ ਪਹਿਲਾਂ ਤੋਂ ਹੀ ਪਏ ਸੰਸਕਾਰ ਨਸ਼ਟ ਹੋਣ ਲੱਗ ਜਾਂਦੇ ਹਨ । ਸਮਾਧੀ ਦੀਆਂ ਵੱਖ-ਵੱਖ ਅਵਸਥਾਵਾਂ ਦਾ ਵਰਣਨ ਅਸੀਂ ਅੱਗੇ ਇੱਕ ਵੱਖਰੇ ਅਧਿਆਇ ਵਿੱਚ ਕਰਾਂਗੇ ।

ਕਿਸੇ ਵਿਅਕਤੀ ਦੀ ਸ਼ਖ਼ਸੀਅਤ (PERSONALITY) ਜਾਂ ਵੱਖਰੀ ਪਹਿਚਾਣ ਦਾ ਮੁੱਖ ਆਧਾਰ ਚਿੱਤ ਹੀ ਹੁੰਦਾ ਹੈ। ਕਿਸੇ ਵਿਅਕਤੀ ਦੀ ਸ਼ਖ਼ਸੀਅਤ ਵਿੱਚ ਬਦਲਾਉ ਦਾ ਸਿੱਧਾ ਜਿਹਾ ਮਤਲਬ ਉਸ ਦੇ ਚਿੱਤ ਵਿੱਚ ਬਦਲਾਉ ਹੈ। ਸਮਾਧੀ ਰਾਹੀਂ ਗਿਆਨੀ ਦੇ ਚਿੱਤ ਵਿੱਚ ਬਦਲਾਉ ਆ ਜਾਂਦਾ ਹੈ। ਉਸ ਦੇ ਬਾਹਰੀ ਸਾਰੀਰਿਕ ਰੂਪ ਵਿੱਚ ਕੋਈ ਬਦਲਾਉ ਨਹੀਂ ਆਉਂਦਾ, ਭਾਵੇਂ ਕਿ ਉਸ ਦੇ ਚਿਹਰੇ ਉੱਤੇ ਸਾਤਵਿਕ ਨੂਰ ਪ੍ਰਗਟ ਹੋ ਜਾਂਦਾ ਹੈ। ਸਮਾਧੀ ਰਾਹੀਂ ਚਿੱਤ ਵਿੱਚ ਆਇਆ ਬਦਲਾਉ ਸਾਧਕ ਦੇ ਬਾਹਰੀ ਕਰਮਾਂ ਵਿੱਚੋਂ ਸਪਸ਼ਟ ਰੂਪ ਵਿੱਚ ਪ੍ਰਗਟ ਹੁੰਦਾ ਰਹਿੰਦਾ ਹੈ।

ਜਦੋਂ ਕੋਈ ਬੱਚਾ ਪੈਦਾ ਹੁੰਦਾ ਹੈ, ਤਾਂ ਉਹ ਇਹ ਨਹੀਂ ਜਾਣਦਾ ਕਿ ਮੇਰਾ ਇਹ ਵਿਸ਼ੇਸ਼ ਨਾਮ ਹੈ । ਉਹ ਨਹੀਂ ਜਾਣਦਾ ਕਿ ਮੈਂ ਫਲਾਣੇ ਮਾਤਾ-ਪਿਤਾ ਦਾ ਪੁੱਤਰ ਜਾਂ ਧੀ ਹਾਂ । ਉਹ ਇਹ ਨਹੀਂ ਜਾਣਦਾ ਕਿ ਮੈਂ ਫਲਾਣੇ ਸੰਪਰਦਾਇ ਦਾ ਹਾਂ । ਉਹ ਨਹੀਂ ਜਾਣਦਾ ਕਿ ਮੈਂ ਕਿਸੇ ਵਿਸ਼ੇਸ਼ ਭਾਸ਼ਾਈ ਸਮੂਹ ਨਾਲ ਸੰਬੰਧਿਤ ਹਾਂ । ਉਹ ਨਹੀਂ ਜਾਣਦਾ ਕਿ ਮੈਂ ਕਿਸੇ ਵਿਸ਼ੇਸ਼ ਦੇਸ਼ ਦਾ ਨਾਗਰਿਕ ਹਾਂ । ਲੇਕਿਨ ਉਹ ਜਿਉਂ-ਜਿਉਂ ਹੋਸ਼ ਸੰਭਾਲਦਾ ਹੈ, ਇਹ ਵਾਰ-ਵਾਰ ਦੱਸ ਕੇ, ਸੁਣਾ ਕੇ ਕਿ ਤੂੰ ਇਹ ਵਿਸ਼ੇਸ਼ ਨਾਮ ਵਾਲਾ ਹੈਂ, ਤੂੰ ਫਲਾਣੇ ਮਾਂ-ਬਾਪ ਦਾ ਪੁੱਤਰ ਹੈਂ, ਤੂੰ ਫਲਾਣੇ ਪੰਥ ਨੂੰ ਮੰਨਣ ਵਾਲਾ ਹੈਂ, ਤੇਰੀ ਇਹ ਵਿਸ਼ੇਸ਼ ਭਾਸ਼ਾ ਹੈ, ਤੂੰ ਇਸ ਵਿਸ਼ੇਸ਼ ਦੇਸ਼ ਦਾ ਨਾਗਰਿਕ ਹੈਂ, ਉਸ ਦੇ ਚਿੱਤ ਵਿੱਚ ਮਸਨੂਈ ਤਰੀਕੇ ਨਾਲ ਇਹ ਸਭ ਜਾਣਕਾਰੀ ਭਰੀ ਜਾਂਦੀ ਹੈ । ਵਾਰ-ਵਾਰ ਉਸ ਨੂੰ ਇਹ ਜਣਾਇਆ ਜਾਂਦਾ ਹੈ । ਵਾਰ-ਵਾਰ ਇਹ ਸੁਣ ਕੇ ਉਹ ਇਸ ਸਭ ਕੁੱਝ ਨਾਲ ਆਪਣੇ ਆਪ ਨੂੰ ਸੰਬੰਧਿਤ ਕਰ ਲੈਂਦਾ ਹੈ । ਇਹ ਸਭ ਕੁੱਝ ਉਸ ਦੇ ਚਿੱਤ ਵਿੱਚ ਸ਼ਾਮਿਲ ਹੋ ਜਾਂਦਾ ਹੈ । ੧੫ ਸਾਲ ਬਾਅਦ ਉਸ ਨੂੰ ਪੁੱਛੋ, ਤਾਂ ਉਹ ਕਹਿੰਦਾ ਹੈ ਕਿ ਮੇਰਾ ਇਹ ਨਾਮ ਹੈ, ਮੈਂ ਫਲਾਣੇ ਮਾਂ-ਬਾਪ ਦਾ ਪੁੱਤਰ ਹਾਂ, ਮੈਂ ਫਲਾਣੀ ਭਾਸ਼ਾ ਬੋਲਣ ਵਾਲਾ ਹਾਂ, ਮੈਂ ਫਲਾਣੇ ਦੇਸ਼ ਦਾ ਵਾਸੀ ਹਾਂ, ਮੈਂ ਫਲਾਣੇ ਪੰਥ ਜਾਂ ਸੰਪਰਦਾਇ ਨੂੰ ਮੰਨਦਾ ਹਾਂ, ਆਦਿ ਆਦਿ ।

ਜੇ ਉਸ ਨੂੰ ਤੱਤ-ਗਿਆਨ ਹੋ ਜਾਏ, ਤਾਂ ਉਹ ਇਹ ਕਹਿਣ ਲੱਗ ਜਾਏਗਾ ਕਿ ਮੈਂ ਕਿਸੇ ਵਿਸ਼ੇਸ਼ ਨਾਮ ਵਾਲਾ ਵਿਅਕਤੀ ਨਹੀਂ ਹਾਂ । ਮੈਂ ਕਿਸੇ ਵਿਸ਼ੇਸ਼ ਭਾਸ਼ਾ ਜਾਂ ਧਰਤੀ ਦੇ ਕਿਸੇ ਵਿਸ਼ੇਸ਼ ਹਿੱਸੇ ਨਾਲ ਬੰਨ੍ਹਿਆ ਹੋਇਆ ਨਹੀਂ ਹਾਂ । ਉਹ ਆਖੇਗਾ ਕਿ ਮੈਂ ਕਿਸੇ ਵਿਸ਼ੇਸ਼ ਪੁਰਖ ਤੇ ਔਰਤ ਤੋਂ ਪੈਦਾ ਨਹੀਂ ਹੋਇਆ । ਮੈਂ ਪੈਦਾ ਨਹੀਂ ਹੁੰਦਾ । ਮੈਂ ਮਰਦਾ ਨਹੀਂ ।

ਜਿਸ ਨੂੰ ਇੱਕ ਵਿਸ਼ੇਸ਼ ਨਾਮ, ਪੰਥ ਜਾਂ ਸੰਪਰਦਾਇ, ਭਾਸ਼ਾ, ਦੇਸ਼ ਆਦਿ ਨਾਲ ਸੰਬੰਧਿਤ ਕਰ ਕੇ ਜਾਣਿਆ ਜਾਂਦਾ ਹੈ, ਉਹ ਹੱਡ-ਮਾਸ-ਲਹੂ ਦਾ ਇੱਕ ਪੁਤਲਾ ਹੈ, ਜਿਸ ਦੇ ਚਿੱਤ ਵਿੱਚ ਬਹੁਤ ਸਾਰੀ ਜਾਣਕਾਰੀ ਭਰ ਦਿੱਤੀ ਗਈ ਹੈ । ਹੱਡ-ਮਾਸ-ਲਹੂ ਦੇ ਇਸ ਪੁਤਲੇ ਨੂੰ ਹੀ ਸੰਸਾਰ ਵਿੱਚ ਇੱਕ ਵਿਸ਼ੇਸ਼ ਨਾਮ, ਪੰਥ ਜਾਂ ਸੰਪਰਦਾਇ, ਭਾਸ਼ਾ, ਦੇਸ਼ ਆਦਿ ਨਾਲ ਸੰਬੰਧਿਤ ਕਰ ਕੇ ਜਾਣਿਆ ਜਾਂਦਾ ਹੈ। ਹੱਡ-ਮਾਸ-ਲਹੂ ਦਾ ਇਹ ਪੁਤਲਾ ਅੱਜ ਹੈ । ਕੋਈ ਸਮਾਂ ਸੀ, ਜਦੋਂ ਇਹ ਪੈਦਾ ਨਹੀਂ ਸੀ ਹੋਇਆ ਤੇ ਐਸਾ ਵਕਤ ਆਏਗਾ, ਜਦੋਂ ਇਹ ਨਹੀਂ ਰਹੇਗਾ।

ਹੱਡ-ਮਾਸ-ਲਹੂ ਦੇ ਪੁਤਲੇ ਅੰਦਰ ਛੁੱਪਿਆ ਹੋਇਆ ਕੋਈ ਹੋਰ ਹੈ । ਉਹ ਜੋ ਛੁੱਪਿਆ ਹੋਇਆ ਹੈ, ਉਹ ਜੋ ਆਮ ਲੋਕਾਂ ਨੂੰ ਦਿੱਖਦਾ ਨਹੀਂ, ਉਹ ਜੋ ਕਦੇ ਜੰਮਦਾ ਨਹੀਂ, ਉਹ ਜੋ ਕਦੇ ਮਰਦਾ ਨਹੀਂ; ਉਹ ਕੋਈ ਹੋਰ ਹੈ, ਹੱਡ-ਮਾਸ-ਲਹੂ ਦਾ ਪੁਤਲਾ ਨਹੀਂ ।

> ਗੋਂਡ ਮਹਲਾ ੫ ॥
> ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥
> ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥
> ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥
> ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥
> ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥
> ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥
> ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥
> ਤੀਨਿ ਗੁਣਾ ਇਕ ਸਕਤਿ ਉਪਾਇਆ ॥ ਮਹਾ ਮਾਇਆ ਤਾ ਕੀ ਹੈ ਛਾਇਆ ॥
> ਅਛਲ ਅਛੇਦ ਅਭੇਦ ਦਇਆਲ ॥ ਦੀਨ ਦਇਆਲ ਸਦਾ ਕਿਰਪਾਲ ॥
> ਤਾ ਕੀ ਗਤਿ ਮਿਤਿ ਕਛੂ ਨ ਪਾਇ ॥ ਨਾਨਕ ਤਾ ਕੈ ਬਲਿ ਬਲਿ ਜਾਇ ॥੪॥੧੯॥੨੧॥
> (੮੬੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਐਸਾ ਗਿਆਨ ਜੀਵ ਨੂੰ ਸਮਾਧੀ ਦੀ ਅਵਸਥਾ ਵਿੱਚ ਪ੍ਰਾਪਤ ਹੁੰਦਾ ਹੈ।

--0--